Hansti Duniya (Punjabi) Vol. 42 No. 07
July 2018



# ਹੰਸਤੀ ਦੁਨੀਆ

**ਸਭ ਤੋਂ ਪਹਿਲਾਂ**




## ਲਾਪਰਵਾਹੀ ਤੋਂ ਬਚੀਏ


**ਹੰਸਤੀ ਦੁਨੀਆ**

● Vol. 42 ● ਅੰਕ : 07 ● ਜੁਲਾਈ 2018 ● Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi






C.L. Gulati,
Member Incharge Magazine



Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009






*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215

**Website:** http//www.nirankari.org
kids.nirankari.org


### ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |




### ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |




### Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

**Other Countries**

Equivalent to U.S. Dollars as mentioned above.














## ਕਹਾਣੀਆਂ


ਇਕ ਬੂੰਦ ਪਾਣੀ ਦੀ ਕੀਮਤ
– ਰਾਜਕੁਮਾਰ ਜੈਨ 6
ਜਾਦੂਈ ਜਿੰਨ
– ਅਮਨਪ੍ਰੀਤ ਸਿੰਘ 12
ਰਾਣੀ ਰੂਪਸੁੰਦਰੀ ਦਾ ਆਦਰਸ਼
– ਰਾਧੇਲਾਲ ਨਵਚੱਕਰ 24
ਅਨੋਖਾ ਨਿਆਂ
–ਅਨੀਤਾ ਜੈਨ 28
ਸ਼ੇਰ ਨੂੰ ਸਬਕ
– ਸ਼ਾਮਸੁੰਦਰ 34
ਅਸਲੀ ਚਿਰਾਗ
– ਏ.ਪੀ. ਨਿਰੰਕਾਰੀ 40
ਨਿਮਰਤਾ ਹੀ ਸਵਰਗ ਹੈ
– ਈਲੂ ਰਾਣੀ 44
ਉਹੀ ਰੁੱਖ
– ਮਹਿੰਦਰ ਸਿੰਘ 45


## ਗੀਤ-ਕਵਿਤਾਵਾਂ


ਬੱਦਲ
– ਪ੍ਰਿਤਪਾਲ ਸਾਦਿਕ 5
ਚੀਚੋ-ਚੀਚ ਗਨੇਰੀਆਂ
– ਭਜਨ ਸਿੰਘ ਲਾਰਕ 11
ਪਿਆਰਾ ਮੁੰਨਾ
– ਬਲਵਿੰਦਰ ਸਿੰਘ 31
ਔਹ ਵੇਖ ਮੰਮੀ
– ਮਦਨ ਰਾਣਾ 35
ਤੂੰ ਬਣੇਗਾ ਦੇਸ਼ ਦਾ ਹੀਰਾ
– ਸੁਰਜੀਤ ਦੇਵਲ 39
ਬਚਪਨ ਵਾਲੇ ਦਿਨ
– ਅਸ਼ੋਕ ਬ੍ਰਾਹਮਣਮਾਜਰਾ 43


## ਵਿਸ਼ੇਸ਼ ਲੇਖ


ਆਈਜ਼ਕ ਨਿਊਟਨ
– ਡਾ.ਅਸ਼ੋਕ ਭਾਰਦਵਾਜ 15
ਪ੍ਰਕਿਰਤੀ ਦੇ ਅਜੂਬੇ ਫੁੱਲ
– ਉਦੈ ਠਾਕਰ 18
ਸੁਰੀਲੀ ਆਵਾਜ਼ ਦੀ ਧਨੀ ਮੈਨਾ
– ਕੈਲਾਸ਼ ਐਡਵੋਕੇਟ 32
ਵਚਿੱਤਰ ਮੱਛੀ ਕੈਟਫਿਸ਼
– ਕਿਰਣ ਬਾਲਾ 36

## ਸਭ ਤੋਂ ਪਹਿਲਾਂ

# ਲਾਪਰਵਾਹੀ ਤੋਂ ਬਚੀਏ



ਪਿਆਰੇ ਬਚਿਓ ! ਜੁਲਾਈ ਦਾ ਮਹੀਨਾ ਸ਼ੁਰੂ ਹੋ ਗਿਆ ਹੈ। ਗਰਮੀ ਅਤੇ ਬਰਸਾਤ ਦਾ ਇਹ ਮਿਲਿਆ ਜੁਲਿਆ ਸਮਾਂ ਹੁੰਦਾ ਹੈ। ਕਦੇ ਤਾਂ ਇਕਦਮ ਬਹੁਤ ਤੇਜ਼ ਗਰਮੀ ਪੈਂਦੀ ਹੈ ਅਤੇ ਕਦੇ ਇਕਦਮ ਬਰਸਾਤ। ਪਛਮੀ ਰਾਜਾਂ ਵਿਚ ਤਾਂ ਕਾਫੀ ਸਮਾਂ ਪਹਿਲਾਂ ਤੋਂ ਹੀ ਬਰਸਾਤਾਂ ਅਰੰਭ ਹੋ ਚੁਕੀਆਂ ਹਨ ਅਤੇ ਕਈ ਥਾਵਾਂ ਤੇ ਬਰਸਾਤ ਦਾ ਪਾਣੀ ਰੁਕ ਜਾਣ ਕਾਰਣ ਅਨੇਕਾਂ ਤਰ੍ਹਾਂ ਦੀਆਂ ਮੁਸ਼ਕਿਲਾਂ ਵੀ ਸ਼ੁਰੂ ਹੋ ਗਈਆਂ ਹਨ। ਜਗ੍ਹਾ-ਜਗ੍ਹਾ ਪਾਣੀ ਭਰ ਜਾਣ ਕਾਰਣ ਆਵਾਜਾਈ ਦੀ ਸੁਚਾਰੂਤਾ ਤੇ ਵੀ ਅਸਰ ਪੈ ਰਿਹਾ ਹੈ। ਇਸ ਨਾਲ ਸਾਡੇ ਕਈ ਜ਼ਰੂਰੀ ਕੰਮ ਰੁਕ ਜਾਂਦੇ ਹਨ ਜਾਂ ਫਿਰ ਦੇਰ ਹੋ ਜਾਂਦੀ ਹੈ। ਪਾਣੀ ਦਾ ਇਸ ਤਰ੍ਹਾਂ ਭਰਾਵ ਹੋ ਜਾਣ ਦਾ ਕਾਰਣ ਕੀ ਹੈ? ਆਓ ਵਿਚਾਰੀਏ !

ਅਸੀਂ ਜਾਣਦੇ ਹਾਂ ਕਿ ਜਦ ਵੀ ਸੜਕਾਂ ਆਦਿ ਬਣਾਈਆਂ ਜਾਂਦੀਆਂ ਹਨ ਤਾਂ ਅਜਿਹੀ ਵਿਵਸਥਾ ਵੀ ਕੀਤੀ ਜਾਂਦੀ ਹੈ ਕਿ ਬਰਸਾਤਾਂ ਕਾਰਣ ਜਾਂ ਹੋਰ ਵੀ ਕਿਸੇ ਕਾਰਣ ਸੜਕਾਂ ਤੇ ਆਉਣ ਵਾਲਾ ਪਾਣੀ ਉਥੇ ਖੜਾ ਨਾ ਹੋ ਕੇ ਸੀਵਰ ਆਦਿ ਰਾਹੀ ਨਾਲਿਆਂ ਅਤੇ ਨਦੀਆਂ ਵਿਚ ਜਾ ਮਿਲੇ। ਸੜਕਾਂ ਕਿਨਾਰੇ ਕੁਝ ਅਜਿਹੀਆਂ ਛੋਟੀਆਂ-ਛੋਟੀਆਂ ਥਾਵਾਂ ਖਾਲੀ ਰਖੀਆਂ ਜਾਂਦੀਆਂ ਹਨ ਤਾਂਕਿ ਉਨ੍ਹਾਂ ਰਾਹੀਂ ਸੜਕਾਂ ਦਾ ਪਾਣੀ ਸੀਵਰ ਆਦਿ ਤਕ ਪਹੁੰਚ ਸਕੇ। ਇਸ ਸਾਰੀ ਵਿਵਸਥਾ ਦੇ ਬਾਵਜੂਦ ਵੀ ਸੜਕਾਂ ਤੇ ਪਾਣੀ ਦਾ ਇਕੱਠਾ ਹੋਣਾ, ਆਵਾਜਾਈ ਦਾ ਰੁਕ ਜਾਣਾ; ਆਖਿਰ ਕੀ ਕਾਰਣ ਹੈ। ਅਕਸਰ ਇਸ ਸਭ ਲਈ ਸਰਕਾਰ ਨੂੰ ਜਾਂ ਸਰਕਾਰੀ ਏਜੰਸੀਆਂ ਨੂੰ ਦੋਸ਼ ਦੇ ਦਿਤਾ ਜਾਂਦਾ ਹੈ ਕਿ ਸਫ਼ਾਈ ਵਿਵਸਥਾ ਸੁਚਾਰੂ ਨਾ ਹੋਣ ਕਾਰਣ ਅਜਿਹਾ ਹੁੰਦਾ ਹੈ।

ਪਿਆਰੇ ਬਚਿਓ ! ਕੀ ਕਦੇ ਅਸੀਂ ਸੋਚਿਆ ਹੈ ਕਿ ਇਸ ਦੇ ਲਈ ਸਾਡੀ ਲਾਪਰਵਾਹੀ ਵੀ ਇਕ ਵੱਡਾ ਕਾਰਣ ਹੁੰਦੀ ਹੈ। ਅਸੀਂ ਆਪਣੇ ਘਰਾਂ ਦੀ ਸਫ਼ਾਈ ਕਰਕੇ ਅਕਸਰ ਕੂੜਾ-ਕਰਕਟ ਸੜਕਾਂ ਤੇ ਛਡ ਦਿੰਦੇ ਹਾਂ। ਚਲਦੇ-ਚਲਦੇ ਕੁਝ ਖਾਣਾ ਅਤੇ ਉਸਦੇ ਰੈਪਰ ਆਦਿ ਸੜਕ ਤੇ ਹੀ ਸੁਟ ਦੇਣਾ ਅਤੇ ਖਾਸ ਕਰ ਪਲਾਸਟਿਕ ਦੀਆਂ ਥੈਲੀਆਂ, ਬੋਤਲਾਂ ਅਤੇ ਕਵਰ ਆਦਿ ਨੂੰ ਯੋਗ ਜਗ੍ਹਾ ਤੇ ਇਕੱਠਾ ਨਾ ਕਰਕੇ ਏਵੇਂ ਹੀ ਸੁੱਟ ਦੇਣਾ ਹੀ ਇਸਦਾ ਮੂਲ ਕਾਰਣ ਹੈ। ਅਸੀਂ ਜਾਣਦੇ ਹਾਂ ਕਿ ਪਲਾਸਟਿਕ ਆਸਾਨੀ ਨਾਲ ਗਲਦਾ ਨਹੀਂ ਅਤੇ ਜੇਕਰ ਇਹ ਸੜਕ ਕਿਨਾਰੇ ਬਣੇ ਪਾਣੀ-ਨਿਕਾਸੀ ਵਾਲੇ ਥਾਵਾਂ ਤੇ ਫਸ ਜਾਂਦਾ ਹੈ ਤਾਂ ਪਾਣੀ ਦੀ ਨਿਕਾਸੀ ਨਹੀਂ ਹੋ ਸਕਦੀ ਤੇ ਉਹ ਸੜਕਾਂ ਤੇ ਇਕੱਠਾ ਹੋਣ ਲਗਦਾ ਹੈ ਅਤੇ ਅਨੇਕਾਂ ਮੁਸ਼ਕਿਲਾਂ ਦਾ ਕਾਰਣ ਬਣਨ ਦੇ ਨਾਲ-ਨਾਲ ਪ੍ਰਯਾਵਰਣ ਲਈ ਵੀ ਮੁਸੀਬਤ ਬਣਨ ਲਗਦਾ ਹੈ।

ਇਸਲਈ ਪਿਆਰੇ ਬਚਿਓ ! ਅਸੀਂ ਇਸ ਪਾਸੇ ਖਾਸ ਧਿਆਨ ਦੇਣਾ ਹੈ ਅਤੇ ਪਲਾਸਟਿਕ ਪਦਾਰਥਾਂ ਦੇ ਇਸਤੇਮਾਲ ਤੋਂ ਬਚਣਾ ਹੈ। ਇਸ ਬਾਰੇ ਜਾਗਰੂਕਤਾ ਹੋਣ ਦੇ ਬਾਵਜੂਦ ਵੀ ਸਾਡੇ ਵਲੋਂ ਵਰਤੀ ਗਈ ਲਾਪਰਵਾਹੀ ਕਾਰਣ ਸਾਨੂੰ ਬੀਮਾਰੀਆਂ ਅਤੇ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ। ਇਸਲਈ ਜ਼ਰੂਰੀ ਹੈ ਕਿ ਲਾਪਰਵਾਹੀ ਤੋਂ ਬਚਿਆ ਜਾਏ ਕਿਉਂਕਿ ਪ੍ਰਯਾਵਰਣ ਬਚਾਣਾ ਹੈ, ਪਲਾਸਟਿਕ ਨੂੰ ਹਰਾਣਾ ਹੈ। ■

ਸੁਲੇਖ 'ਸਾਥੀ'
ssathi_2007@yahoo.com

❑ ਪ੍ਰਿਤਪਾਲ ਸਾਦਿਕ



# ਬੱਦਲ

ਵੇਖੋ ਬੱਚਿਉ ! ਨੇ ਆਏ ਬੱਦਲ।
ਅੰਬਰ ਦੇ ਵਿਚ ਛਾਏ ਬੱਦਲ।

ਕੁਝ ਚਿੱਟੇ ਕੁਝ ਕਾਲੇ ਰੰਗ ਦੇ,
ਕੁਦਰਤ ਕਿਵੇਂ ਬਣਾਏ ਬੱਦਲ।

ਰੂੰ ਦੇ ਗੋਲੇ ਵਾਗੂੰ ਲੱਗਣ,
ਵੱਖ-ਵੱਖ ਰੂਪ ਵਿਖਾਏ ਬੱਦਲ।

ਨਦੀਆਂ, ਝੀਲਾਂ, ਸਾਗਰਾਂ ਵਿੱਚੋਂ,
ਪਾਣੀ ਭਰ ਕੇ ਲਿਆਏ ਬੱਦਲ।

ਆਪਸ ਦੇ ਵਿਚ ਜਦ ਟਕਰਾਏ ਬੱਦਲ,
ਤਾਂ ਗੜ-ਗੜ ਗੜਗੜਾਏ ਬੱਦਲ।


ਠੰਡੀ ਹਵਾ ਦੇ ਆਵਣ ਬੁੱਲੇ,
ਛਮ-ਛਮ ਮੀਂਹ ਵਰਸਾਏ ਬੱਦਲ।

ਗਰਮੀ ਦੇ ਮੌਸਮ ਵਿੱਚ ਸੱਚੀ,
ਸਭ ਨੂੰ ਬਹੁਤ ਹੀ ਭਾਏ ਬੱਦਲ।

ਕਦੇ-ਕਦੇ ਪਰ ਡਰ ਵੀ ਲੱਗੇ,
ਜਦ ਬਿਜਲੀ ਲਿਸ਼ਕਾਏ ਬੱਦਲ।

ਕਹੇ ਢਿੱਲੋਂ ਘੱਟ ਕਰਨ ਲਈ ਗਰਮੀ,
ਰੱਬ ਨੇ ਆਪ ਘਲਾਏ ਬੱਦਲ।

ਵੇਖੋ ਬੱਚਿਉ ! ਆਏ ਬੱਦਲ।
ਅੰਬਰ ਦੇ ਵਿੱਚ ਛਾਏ ਬੱਦਲ।



ਬਾਲ ਕਹਾਣੀ : ਰਾਜਕੁਮਾਰ ਜੈਨ 'ਰਾਜਨ'

# ਇਕ ਬੂੰਦ ਪਾਣੀ ਦੀ ਕੀਮਤ

''ਮਗਲੂ! ਅੱਜ ਤੂੰ ਫਿਰ ਨਲਕਾ ਖੁੱਲ੍ਹਾ ਛੱਡ ਦਿਤਾ।'' ਮਗਲੂ ਹਿਰਣ ਦੀ ਮਾਂ ਰੋਮੀ ਹਿਰਣੀ ਕਹਿ ਰਹੀ ਸੀ – ਤੂੰ ਨਹਾ ਚੁੱਕਾ ਸੀ ਤਾਂ ਤੁਰੰਤ ਨਲਕਾ ਬੰਦ ਕਰ ਦੇਣਾ ਚਾਹੀਦਾ ਸੀ। ਕਿੰਨਾ ਪਾਣੀ ਵਹਿ ਕੇ ਨਾਲੀ ਵਿੱਚ ਚਲਾ ਗਿਆ।

ਮਗਲੂ ਰੋਜ ਹੀ ਕਿੰਨਾ ਪਾਣੀ ਬਰਬਾਦ ਕਰ ਦਿੰਦਾ। ਸਵੇਰੇ ਬੁਰਸ਼ ਕਰਦਾ ਤਾਂ ਪੂਰੀ ਰਫਤਾਰ ਨਾਲ ਨਲਕਾ ਖੁੱਲ੍ਹਾ ਛੱਡ ਦਿੰਦਾ। ਖਾਣਾ ਖਾ ਕੇ ਹੱਥ ਧੋਂਦਾ ਤਾਂ ਨਲਕਾ ਬੰਦ ਨਹੀਂ ਕਰਦਾ। ਪਾਣੀ ਬੇਕਾਰ ਵਹਿੰਦਾ ਰਹਿੰਦਾ।

ਮਾਂ ਝਿੜਕਦੀ ਰਹਿੰਦੀ, ''ਮਗਲੂ ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਪਾਣੀ ਨੂੰ ਬਰਬਾਦ ਨਾ ਕਰ, ਪਰ ਤੂੰ ਹੈ ਕਿ .......''

– ਤੁਹਾਨੂੰ ਕੀ ਫਰਕ ਪੈਂਦਾ ਹੈ, ਮਾਂ ਪਾਣੀ ਹੀ ਤਾਂ ਰੁੜਿਆ ਹੈ, ਦੁੱਧ ਤਾਂ ਨਹੀਂ ਰੁੜ ਗਿਆ। – ਮਗਲੂ ਹਿਰਣ ਬੋਲਿਆ।

''ਤੈਨੂੰ ਖੂਬ ਪਾਣੀ ਮਿਲਦਾ ਹੈ ਨਾ, ਤਦੇ ਤੂੰ ਇਸਦੀ ਕੀਮਤ ਨਹੀਂ ਸਮਝਦਾ। ਉਹਨਾਂ ਲੋਕਾਂ ਦੀ ਸੋਚ ਜੋ ਇਕ-ਇਕ ਬੂੰਦ ਪਾਣੀ ਲਈ ਤਰਸਦੇ ਹਨ।'' ਮਾਂ ਬੁੜਬੜਾਉਂਦੀ ਹੋਈ ਖਾਣਾ ਬਣਾਉਣ ਵਿੱਚ ਲੱਗ ਗਈ।



ਦੁਪਹਿਰ ਦਾ ਸਮਾਂ ਸੀ। ਮਗਲੂ ਨੇ ਬਾਥਰੂਮ ਵਿੱਚ ਇੱਕ ਵੱਡਾ ਸਾਰਾ ਟੱਬ ਪਾਣੀ ਨਾਲ ਭਰ ਲਿਆ ਅਤੇ ਉਧਰ ਨਲਕਾ ਵੀ ਚਾਲੂ ਕਰ ਦਿਤਾ। ਉਸ ਵਿੱਚ ਉਛਲ-ਕੁਦ ਵੀ ਕਰਦੇ ਹੋਏ ਉਹ ਨਹਾਉਣ ਲੱਗਾ।

ਜਦ ਕਾਫੀ ਦੇਰ ਤਕ ਮਗਲੂ ਬਾਥਰੂਮ ਵਿਚੋਂ ਬਾਹਰ ਨਹੀਂ ਆਇਆ ਤਾਂ ਉਸਦੀ ਮਾਂ ਰੋਮੀ ਹਿਰਣੀ ਉਥੇ ਪਹੁੰਚੀ, ''ਵੇ ਇਹ ਕੀ? ਤੂੰ ਫਿਰ ਕਿੰਨਾ ਪਾਣੀ ਬਰਬਾਦ ਕਰ ਦਿੱਤਾ। ਵੇਖ ਕਿੰਨਾ ਪਾਣੀ ਬੇਕਾਰ ਹੀ ਵਹਿ ਕੇ ਜਾ ਰਿਹਾ ਹੈ।'' ਕਹਿੰਦੇ ਹੋਏ ਰੋਮੀ ਨੇ ਨਲਕਾ ਬੰਦ ਕਰ ਦਿੱਤਾ।

– ਮਾਂ ਗਰਮੀ ਲੱਗਦੀ ਹੈ। ਪਾਣੀ ਵਿੱਚ ਖੇਡਣ ਨਾਲ ਮਜਾ ਆਉਂਦਾ ਹੈ। – ਮਗਲੂ ਨੇ ਕਿਹਾ।

– ਵੇਖ ਬੇਟਾ, ਤੈਨੂੰ ਓਨਾ ਪਾਣੀ ਖਰਚ ਕਰਨਾ ਚਾਹੀਦਾ ਹੈ ਜਿੰਨੀ ਲੋੜ ਹੋਵੇ। ਜਿੰਨਾ ਪਾਣੀ ਬਚਾਉਗੇ ਓਨਾ ਖੇਤਾਂ ਵਿੱਚ ਦਿੱਤਾ ਜਾ ਸਕੇਗਾ ਅਤੇ ਫਸਲ ਵੀ ਵਧੀਆ ਹੋਵੇਗੀ। ਕਾਰਖਾਨਿਆਂ ਵਿੱਚ ਵੀ ਪਾਣੀ ਜ਼ਰੂਰੀ ਹੁੰਦਾ ਹੈ। ਪੂਰਾ ਪਾਣੀ ਨਾ ਮਿਲਣ ਕਾਰਣ ਸਾਡੇ ਕਈ ਕਾਰਖਾਨੇ ਬੰਦ ਪਏ ਹਨ।

– ਪਰ ਮਾਂ, ਨਲਕਿਆਂ ਵਿੱਚ ਪਾਣੀ ਸਾਡੇ ਲਈ ਹੀ ਤਾਂ ਆਉਂਦਾ ਹੈ। – ਮਗਲੂ ਨੇ ਕਿਹਾ।

– ਤੈਨੂੰ ਇਥੇ ਖੂਬ ਪਾਣੀ ਮਿਲ ਰਿਹਾ ਹੈ ਨਾ ਇਸ ਲਈ ਤੈਨੂੰ ਉਨ੍ਹਾਂ ਇਲਾਕਿਆਂ ਦੀ ਖਬਰ ਨਹੀਂ ਜਿਥੇ ਸਾਡੇ ਵਰਗੇ ਕਈ ਪ੍ਰਾਣੀਆਂ ਨੂੰ ਪੀਣ ਦੇ ਪਾਣੀ ਲਈ ਦੂਰ-ਦੂਰ ਜਾਣਾ ਪੈਂਦਾ ਹੈ।– ਰੋਮੀ ਹਿਰਣੀ ਨੇ ਸਮਝਾਉਣ ਦਾ ਯਤਨ ਕੀਤਾ।

– ਲੇਕਿਨ ਮਾਂ, ਪਿਤਾ ਜੀ ਪਾਣੀ ਦਾ ਬਿੱਲ ਤਾਂ ਭਰਦੇ ਹਨ। ਫਿਰ ਜਦ ਅਸੀਂ ਪੈਸੇ ਦੇ ਕੇ ਪਾਣੀ ਖਰੀਦਦੇ ਹਾਂ ਤਾਂ ਕਿਉਂ ਨਾ ਉਸ ਨਾਲ ਖੇਡੀਏ?

ਮਾਂ ਸਮਝ ਗਈ ਕਿ ਜਦ ਤਕ ਇਹ ਖੁਦ ਪਾਣੀ ਲਈ ਤਰਸੇਗਾ ਨਹੀਂ, ਇਸਦੀ ਸਮਝ ਵਿੱਚ ਪਾਣੀ ਦੀ ਕੀਮਤ ਸਮਝ ਨਹੀਂ ਆਏਗੀ। ਉਹ ਚੁੱਪ ਹੋ ਗਈ ਅਤੇ ਕੁਝ ਸੋਚਣ ਲੱਗੀ। ਉਸਦੇ ਦਿਮਾਗ ਵਿੱਚ ਇਕ 'ਆਈਡੀਆ' ਆ ਗਿਆ।

ਐਤਵਾਰ ਨੂੰ ਛੁੱਟੀ ਦਾ ਦਿਨ ਸੀ। ਰੋਮੀ ਹਿਰਣੀ ਨੇ ਕਿਹਾ- ਤੁਹਾਡੇ ਚੰਚਲ ਚਾਚਾ ਨੇ ਗਵਾਂਢ ਦੇ ਜੰਗਲ ਵਿੱਚ ਕਾਲਜ ਬਣਾਉਣ ਲਈ ਜੋ ਜ਼ਮੀਨ ਖਰੀਦੀ ਹੈ ਨਾ, ਉਹਨੂੰ ਵੇਖਣ ਲਈ ਚਲਣਾ ਹੈ। ਮੈਂ ਖਾਣਾ ਬਣਾ ਕੇ ਪੈਕ ਕਰ ਲੈਂਦੀ ਹਾਂ। ਪਾਪਾ ਵੀ ਸਾਡੇ ਨਾਲ ਚੱਲਣਗੇ। ਚੰਚਲ ਹਿਰਣ ਦੇ ਦੋਨੋਂ ਬੱਚੇ ਵੀ ਸਾਡੇ ਨਾਲ ਚਲ ਰਹੇ ਹਨ। ਕਾਲਜ ਦੀ ਜ਼ਮੀਨ ਵੀ ਵੇਖ ਆਵਾਂਗੇ ਅਤੇ ਪਿਕਨਿਕ ਵੀ ਹੋ ਜਾਏਗੀ। ਉਥੋਂ ਸ਼ਾਮ ਤਕ ਵਾਪਸ ਆ ਜਾਵਾਂਗੇ।

– ਵਾਹ ਮੰਮੀ, ਫਿਰ ਤਾਂ ਬੜਾ ਮਜ਼ਾ ਆਏਗਾ- ਮਗਲੂ ਖੁਸ਼ ਹੁੰਦੇ ਹੋਏ ਬੋਲਿਆ।

ਠੀਕ ਸਮੇਂ ਤੇ ਚੰਚਲ ਚਾਚਾ ਆਪਣੀ ਜੀਪ ਲੈ ਕੇ ਆ ਗਏ। ਅੱਠ-ਦਸ ਕਿਲੋਮੀਟਰ ਚੱਲਣ ਦੇ ਬਾਦ ਇਕ ਸੁੰਨਸਾਨ ਜਗ੍ਹਾ ਤੇ ਪਹੁੰਚ ਗਏ। ਸਾਰੇ ਬਹੁਤ ਖੁਸ਼ ਸਨ।

– ਕਿਉਂ ਭਾਈ ਸਾਹਿਬ, ਕਾਲਜ ਬਣਾਉਣ ਲਈ ਇਹ ਜਗ੍ਹਾ ਠੀਕ ਰਹੇਗੀ ਨਾ? –

ਚੰਚਲ ਚਾਚਾ ਨੇ ਪੁੱਛਿਆ ਤਾਂ ਮਗਲੂ ਦੇ ਪਿਤਾ ਜੀ ਬੋਲੇ- ਹਾਂ, ਬਹੁਤ ਵਧੀਆ ਹੈ। ਆਬਾਦੀ ਤੋਂ ਦੂਰ ਵੀ ਹੈ। ਜੰਗਲ ਦੇ ਜਾਨਵਰਾਂ ਨੂੰ ਉਚੀ ਪੜ੍ਹਾਈ ਲਈ ਬਾਹਰ ਨਹੀਂ ਜਾਣਾ ਪਏਗਾ।

– ਚੰਗਾ ਤਾਂ ਭਾਈ ਸਾਹਿਬ, ਆਪ ਲੋਕ ਪਿਕਨਿਕ ਮਨਾਉ। ਮੈਨੂੰ ਜਰਾ ਸ਼ਹਿਰ ਵਿੱਚ ਕੰਮ ਹੈ। ਬੱਚੇ ਆਪ ਦੇ ਨਾਲ ਹੀ ਹਨ। ਕਿੰਨੇ ਵਜੇ ਤਕ ਲੈਣ ਆ ਜਾਵਾਂ, ਆਪ ਲੋਕਾਂ ਨੂੰ?

– ਅਸੀਂ ਤਾ ਖੇਡਣ ਦਾ ਸਮਾਨ ਲਿਆਏ ਹਾਂ। ਆਪ ਦੇਰ ਨਾਲ ਆਉਣਾ, ਸ਼ਾਮ ਦੇ ਪੰਜ ਵਜੇ ਤਕ। – ਬੱਚਿਆਂ ਨੇ ਕਿਹਾ।

ਉਥੇ ਦੂਰ-ਦੂਰ ਤਕ ਕੇਵਲ ਇਕ ਹੀ ਛਾਂਦਾਰ ਬੋਹੜ ਦਾ ਰੁੱਖ ਸੀ। ਉਸ ਦੇ ਹੇਠਾਂ ਰੋਮੀ ਹਿਰਣੀ ਨੇ ਦਰੀ ਵਿਛਾ ਦਿੱਤੀ। ਸਭ ਉਥੇ ਬੈਠ ਗਏ।

ਕੁਝ ਦੇਰ ਵਿੱਚ ਬੱਚੇ ਬੈਡਮਿੰਟਨ ਖੇਡਣ ਚਲੇ ਗਏ। ਥੋੜੀ ਦੇਰ ਬਾਦ ਮਗਲੂ ਹਿਰਣ ਮਾਂ ਦੇ ਕੋਲ ਆਇਆ ਅਤੇ ਬੋਲਿਆ – ਮਾਂ, ਪਾਣੀ ਦਿਉ, ਪਿਆਸ ਲੱਗੀ ਹੈ।

ਰੋਮੀ ਹਿਰਣੀ ਨੇ ਨਾਲ ਲਿਆਂਦੀ ਪਾਣੀ ਦੀ ਬੋਤਲ ਮਗਲੂ ਨੂੰ ਫੜਾ ਦਿੱਤੀ। ਕੁਝ ਹੀ ਦੇਰ ਵਿੱਚ ਮਗਲੂ ਅਤੇ ਚਾਚਾ ਜੀ ਦੇ ਬੱਚਿਆਂ ਨੇ ਮਿਲ ਕੇ ਨਾਲ ਲਿਆਂਦੀ ਪਾਣੀ ਦੀ ਬੋਤਲ ਖਾਲੀ ਕਰ ਦਿੱਤੀ।

ਦੁਪਹਿਰ ਹੁੰਦੇ ਹੁੰਦੇ ਬੱਚਿਆਂ ਨੂੰ ਭੁੱਖ ਲਗ ਗਈ। ਰੋਮੀ ਹਿਰਣੀ ਨੇ ਸਾਰਿਆਂ ਲਈ ਖਾਣਾ ਲਗਾ ਦਿੱਤਾ। ਖਾਣੇ ਦਾ ਸਾਰਿਆਂ ਨੂੰ ਬਹੁਤ ਆਨੰਦ ਆਇਆ। ਖਾਣੇ ਦੇ ਬਾਅਦ ਬੱਚਿਆਂ ਨੇ ਪਾਣੀ ਮੰਗਿਆ ਤਾਂ ਮਾਂ ਨੇ ਦੱਸਿਆ – ਪਾਣੀ ਤਾਂ ਬਸ ਉਸੇ ਬੋਤਲ ਵਿੱਚ ਸੀ। ਉਹ ਤਾਂ ਤੁਸੀਂ ਖਤਮ ਕਰ ਦਿਤਾ।

ਮਗਲੂ ਨੇ ਚਾਰੇ ਪਾਸੇ ਵੇਖਿਆ। ਦੂਰ ਇਕ ਹੈਂਡਪੰਪ ਵਿਖਾਈ ਦਿਤਾ। ਤਿੰਨੇ ਬੱਚੇ ਖਾਲੀ ਬੋਤਲ ਲੈ ਕੇ ਉਸ ਵੱਲ ਦੌੜ ਪਏ। ਧੁੱਪ ਵਿੱਚ ਦੌੜ ਕੇ ਹੈਂਡਪੰਪ ਤਕ ਪਹੁੰਚਦੇ- ਪਹੁੰਚਦੇ ਉਹ ਪਸੀਨੇ ਨਾਲ ਤਰ ਹੋ ਗਏ। ਹੁਣ ਉਹਨਾਂ ਨੂੰ ਹੋਰ ਵੀ ਜ਼ੋਰ ਨਾਲ ਪਿਆਸ ਲੱਗਣ ਲੱਗ ਗਈ ਪਰ ਜਦ ਉਹਨਾਂ ਨੇ ਹੱਥਾ ਫੜ ਕੇ ਹੈਂਡਪੰਪ ਚਲਾਉਣਾ ਚਾਹਿਆ ਤਾਂ ਉਹ ਇਕਦਮ ਹੇਠਾਂ ਡਿਗ ਗਿਆ। ਪਾਣੀ ਨਿਕਲਿਆ ਹੀ ਨਹੀਂ।

– ਇਹ ਹੈਂਡਪੰਪ ਤਾਂ ਖਰਾਬ ਹੈ। – ਮਗਲੂ ਬੋਲਿਆ। ਦੂਰ-ਦੂਰ ਤਕ ਦੂਸਰਾ ਹੈਂਡਪੰਪ ਵੀ ਦਿਖਾਈ ਨਹੀਂ ਦੇ ਰਿਹਾ ਸੀ। ਉਥੋਂ ਵਾਪਸ ਬੋਹੜ ਦੇ ਰੁੱਖ ਤਕ ਆਉਂਦੇ-ਆਉਂਦੇ ਤਾਂ ਤਿੰਨਾਂ ਦਾ ਬੁਰਾ ਹਾਲ ਹੋ ਗਿਆ। ਸਭ ਤੋਂ ਛੋਟਾ ਹਿਰਣ ਰੋਣ ਵੀ ਲੱਗਾ।

– ਕੋਈ ਗੱਲ ਨਹੀਂ ਪਿਆਸ ਲੱਗੀ ਹੈ ਤਾਂ ਸੰਤਰੇ ਦੀਆਂ ਫਾੜੀਆਂ ਚੂਸ ਲਉ। – ਰੋਮੀ ਹਿਰਣੀ ਨੇ ਟੋਕਰੀ ਵਿਚੋਂ ਸੰਤਰਾ ਕੱਢ ਕੇ ਦਿੰਦੇ ਹੋਏ ਕਿਹਾ।

ਸੰਤਰਾ ਖਾ ਕੇ ਮਗਲੂ ਬੋਲਿਆ- ਇਸ ਨਾਲ ਤਾਂ ਕੁਝ ਨਹੀਂ ਹੋਇਆ ਮਾਂ, ਮੈਨੂੰ ਤਾਂ ਪਾਣੀ ਹੀ ਚਾਹੀਦਾ ਹੈ। ਪਿਆਸ ਦੇ ਮਾਰੇ ਜਾਨ ਨਿਕਲੀ ਜਾ ਰਹੀ ਹੈ। – ਉਹ ਰੋਣਹਾਕਾ ਜਿਹਾ ਹੋ ਉਠਿਆ।

– ਬੇਟੇ, ਹੁਣ ਮੈਂ ਪਾਣੀ ਕਿਥੋਂ ਲਿਆਵਾਂ? ਭਿਅੰਕਰ ਗਰਮੀ ਪੈ ਰਹੀ ਹੈ ਅਤੇ ਅੰਕਲ ਵੀ ਤਾਂ ਸ਼ਾਮ ਤਕ ਲੈਣ ਆਉਣਗੇ। ਕੁਝ ਦੇਰ ਦੀ ਹੀ ਤਾਂ

ਗੱਲ ਹੈ। ਸ਼ਾਮ ਨੂੰ ਘਰ ਜਾ ਕੇ ਖ਼ੂਬ ਪਾਣੀ ਪੀ ਲੈਣਾ। – ਰੋਮੀ ਹਿਰਨੀ ਨੇ ਕਿਹਾ।

ਤਿੰਨ ਵਜਦੇ-ਵਜਦੇ ਬੱਚਿਆਂ ਦਾ ਬੁਰਾ ਹਾਲ ਹੋ ਗਿਆ।

– ਬਹੁਤ ਗਰਮੀ ਹੈ, ਮਾਂ! ਚਾਚਾ ਜੀ ਕਦੋਂ ਆਉਣਗੇ। ਪਿਆਸ ਦੇ ਮਾਰੇ ਗਲਾ ਸੁੱਕ ਰਿਹਾ ਹੈ।

– ਤੂੰ ਹੀ ਤਾਂ ਪੰਜ ਵਜੇ ਤਕ ਆਉਣ ਨੂੰ ਕਿਹਾ ਸੀ। – ਪਿਤਾ ਜੀ ਬੋਲੇ।

– ਓਹ ਮਾਂ, ਹੁਣ ਤਾਂ ਰਿਹਾ ਨਹੀਂ ਜਾਂਦਾ। ਕਿਤੋਂ ਇਕ ਘੁੱਟ ਪਾਣੀ ਵੀ ਨਹੀਂ ਮਿਲ ਸਕਦਾ ਕੀ? – ਮਗਲੂ ਖਾਲੀ ਬੋਤਲ ਨੂੰ ਟਟੋਲਦੇ ਹੋਏ ਬੋਲਿਆ।

– ਲਗਦਾ ਹੈ ਹੁਣ ਤੈਨੂੰ ਪਾਣੀ ਦੀ ਇਕ ਬੂੰਦ ਦਾ ਅੰਦਾਜ਼ਾ ਲਗ ਚੁੱਕਾ ਹੈ। ਇਕ-ਇਕ ਘੁਟ ਪਾਣੀ ਦੇ ਲਈ ਜਾਨਵਰ ਕਿਵੇਂ ਤਰਸਦੇ ਹਨ, ਤੜਪਦੇ ਹਨ। ਇਸਦਾ ਅਨੁਭਵ ਤੈਨੂੰ ਹੋ ਚੁੱਕਾ ਹੈ। ਚਿੰਤਾ ਨਾ ਕਰ ਤੇਰੇ ਚਾਚਾ ਆਉਂਦੇ ਹੀ ਹੋਣਗੇ। ਮੈਂ ਉਹਨਾਂ ਨੂੰ ਤਿੰਨ-ਸਵਾ ਤਿੰਨ ਵਜੇ ਤਕ ਆਉਣ ਲਈ ਕਹਿ ਦਿਤਾ ਸੀ ਕਿਉਂਕਿ ਮੈਂ ਜਾਣਦੀ ਸੀ ਕਿ ਐਨੇ ਸਮੇਂ ਵਿੱਚ ਹੀ ਤੈਨੂੰ ਪਾਣੀ ਦੀ ਕੀਮਤ ਚੰਗੀ ਤਰ੍ਹਾਂ ਪਤਾ ਲਗ ਜਾਏਗੀ। – ਮਾਂ ਨੇ ਕਿਹਾ।

ਤਦ ਉਹਨਾਂ ਨੂੰ ਦੂਰੋਂ ਇਕ ਜੀਪ ਆਉਂਦੀ ਦਿਖਾਈ ਦਿੱਤੀ। ਬੱਚੇ ਖੁਸ਼ੀ ਨਾਲ ਉਛਲ ਪਏ। ਚੰਚਲ ਭਾਈ, ਅਸੀਂ ਜਿਸ ਕੰਮ ਲਈ ਆਏ ਸੀ, ਉਹ ਹੋ ਚੁੱਕਾ ਹੈ। ਹੁਣ ਬੱਚਿਆਂ ਨੂੰ ਪਾਣੀ ਪਿਲਾ ਦਿਉ।– ਮਗਲੂ ਦੇ ਪਿਤਾ ਜੀ ਨੇ ਕਿਹਾ।

ਚੰਚਲ ਹਿਰਣ ਨੇ ਮੁਸਕਰਾਉਂਦੇ ਹੋਏ ਜੀਪ ਵਿੱਚ ਰੱਖੀ ਪਾਣੀ ਦੀ ਬੋਤਲ ਬੱਚਿਆਂ ਨੂੰ ਫੜਾ ਦਿੱਤੀ। ਬੱਚਿਆਂ ਨੇ ਠੰਡੇ ਪਾਣੀ ਦੀ ਬੋਤਲ ਲਈ ਅਤੇ ਗਟਾਗਟ ਢੇਰ ਸਾਰਾ ਪਾਣੀ ਪੀ ਗਏ।

'' ਹੁਣ ਪਤਾ ਲੱਗਾ ਮਾਂ, ਜਿਸ ਪਾਣੀ ਨੂੰ ਅਸੀਂ ਬੁਰੀ ਤਰ੍ਹਾਂ ਬਰਬਾਦ ਕਰਦੇ ਹਾਂ ਉਸਦੀ ਇਕ-ਇਕ ਬੂੰਦ ਕਿੰਨੀ ਕੀਮਤੀ ਹੁੰਦੀ ਹੈ। ਹੁਣ ਅਸੀਂ ਬਿਲਕੁਲ ਵੀ ਪਾਣੀ ਬਰਬਾਦ ਨਹੀਂ ਕਰਾਂਗੇ।

ਸਾਰੇ ਬੱਚਿਆਂ ਨੇ ਵਾਅਦਾ ਕੀਤਾ ਅਤੇ ਸਾਰੇ ਆਪਣੇ ਘਰ ਵੱਲ ਵਾਪਸ ਚਲ ਪਏ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਖੀਰਾ ਕੌੜਾ ਕਿਉਂ ਹੁੰਦਾ ਹੈ?

**ਉੱਤਰ :** ਖੀਰੇ ਵਿੱਚ ਕੌੜਾਪਨ ਹੁੰਦਾ ਹੈ। ਜਾਣਦੇ ਹੋ ਕਿਉਂ? ਦਰਅਸਲ, ਕੁਝ ਫਲਾਂ ਵਿੱਚ ਯੌਗਿਕ ਤੱਤ ਮੌਜੂਦ ਰਹਿੰਦੇ ਹਨ। ਖੀਰੇ ਵਿੱਚ ਵੀ ਅਜਿਹਾ ਹੀ ਹੈ। ਖੀਰੇ ਵਿੱਚ ਗੰਧਕ ਪੋਟਾਸ਼ ਦਾ ਸੰਯੋਗ ਹੋਣ ਦੇ ਕਾਰਣ ਕੜਵਾਪਨ ਆ ਜਾਂਦਾ ਹੈ। ਇਸ ਤੋਂ ਬਚਣ ਲਈ ਖੀਰੇ ਨੂੰ ਖਾਣ ਤੋਂ ਪਹਿਲਾਂ ਡੰਠਲ ਵੱਲੋਂ ਕੱਟ ਕੇ ਅਤੇ ਲੂਣ ਲਗਾ ਕੇ ਚੰਗੀ ਤਰ੍ਹਾਂ ਰਗੜਨਾ ਠੀਕ ਰਹਿੰਦਾ ਹੈ।

**ਪ੍ਰਸ਼ਨ :** ਮਧੁਰ ਧੁਨਾਂ ਵਾਲਾ ਸੰਗੀਤ ਸਿਹਤ ਲਈ ਲਾਭਦਾਇਕ ਕਿਉਂ ਹੈ?

**ਉੱਤਰ :** ਇਹ ਸਹੀ ਹੈ ਕਿ ਤਨਾਵ ਦੂਰ ਕਰਨ ਲਈ ਸੰਗੀਤ ਦਾ ਸਹਾਰਾ ਲਿਆ ਜਾਂਦਾ ਹੈ ਪਰ ਧੀਮੀ ਅਤੇ ਹੌਲੀ ਗਤੀ ਦੇ ਸੰਗੀਤ ਨੂੰ ਸੁਣ ਕੇ ਹੀ ਮਨ ਨੂੰ ਰਾਹਤ ਮਿਲਦੀ ਹੈ। ਤੇਜ਼ ਗਤੀ ਅਤੇ ਧੁਨਾਂ ਵਾਲਾ ਸੰਗੀਤ ਲਾਭਦਾਇਕ ਨਹੀਂ ਹੁੰਦਾ ਕਿਉਂਕਿ ਇਸ ਨਾਲ ਸਾਹ ਅਤੇ ਹਿਰਦੇ ਗਤੀ ਤੇਜ਼ ਹੋ ਜਾਂਦੀ ਹੈ। ਮਧੁਰ ਧੁਨਾਂ ਵਾਲੇ ਸੰਗੀਤ ਨਾਲ ਬਲੱਡਪ੍ਰੈਸ਼ਰ ਵਿੱਚ ਕਮੀ ਆਉਂਦੀ ਹੈ ਅਤੇ ਉਹ ਹਿਰਦੇ ਲਈ ਲਾਭਕਾਰੀ ਹੈ।

**ਪ੍ਰਸ਼ਨ :** ਹਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ ਤੇ ਵਾਲ ਕਿਉਂ ਨਹੀਂ ਉਗਦੇ?

**ਉੱਤਰ :** ਸਰੀਰ ਦੇ ਬਹੁਤ ਸਾਰੇ ਹਿੱਸਿਆਂ ਤੇ ਵਾਲ ਹੁੰਦੇ ਹਨ ਪਰ ਹਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ ਤੇ ਵਾਲ ਨਹੀਂ ਉਗਦੇ। ਦਰਅਸਲ ਚਮੜੀ ਦੋ ਸਤ੍ਹਾ ਨਾਲ ਮਿਲ ਕੇ ਬਣਦੀ ਹੈ- ਡਰਮਿਸ ਅਤੇ ਏਪੀਡਰਮਿਸ। ਵਾਲਾਂ ਦੀਆਂ ਜੜ੍ਹਾਂ ਇਹਨਾਂ ਸਤ੍ਹਾ ਦੇ ਉਪਰੀ ਹਿੱਸਿਆਂ ਵਿੱਚ ਮੌਜੂਦ ਰਹਿੰਦੀਆਂ ਹਨ। ਹਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ ਤੇ ਡਰਮਿਸ ਜਾਂ ਏਪਿਡਰਮਿਸ ਵਿਚੋਂ ਕੋਈ ਵੀ ਸਤ੍ਹਾ ਲੋੜ ਤੋਂ ਜ਼ਿਆਦਾ ਵਿਕਸਿਤ ਹੋ ਜਾਂਦੀ ਹੈ। ਇਸ ਲਈ ਇਹਨਾਂ ਤੇ ਵਾਲ ਨਹੀਂ ਉਗਦੇ ਹਨ।

**ਪ੍ਰਸ਼ਨ :** ਜਾਨਵਰਾਂ ਦੀ ਪੂਛ ਕਿਉਂ ਹੁੰਦੀ ਹੈ?

**ਉੱਤਰ :** ਮਨੁੱਖ ਦੇ ਇਲਾਵਾ ਰੀੜ ਦੀ ਹੱਡੀ ਵਾਲੇ ਜ਼ਿਆਦਾਤਰ ਜਾਨਵਰਾਂ ਦੀ ਪੂਛ ਹੁੰਦੀ ਹੈ। ਜਾਣਦੇ ਹੋ ਕਿਉਂ? ਦਰਅਸਲ, ਜਾਨਵਰਾਂ ਦੀ ਪੂਛ ਉਹਨਾਂ ਨੂੰ ਸੁਰੱਖਿਆ ਅਤੇ ਸਹਾਰਾ ਦਿੰਦੀ ਹੈ। ਕਈ ਵਾਰ ਪੂਛ ਉਹਨਾਂ ਨੂੰ ਬਾਕੀ ਜਾਨਵਰਾਂ ਦਾ ਸ਼ਿਕਾਰ ਕਰਨ ਵਿੱਚ ਵੀ ਮਦਦਗਾਰ ਬਣਦੀ ਹੈ। ਮਛਲੀ ਦੀ ਪੂਛ ਦੇ ਚਾਰੇ ਪਾਸੇ ਲਗੇ ਖੰਭ ਉਹਨੂੰ ਪਾਣੀ ਵਿੱਚ ਤੈਰਨ ਵਾਸਤੇ ਸਹਾਇਤਾ ਕਰਦੇ ਹਨ। ਛਿਪਕਲੀ ਆਪਣੀ ਪੂਛ ਦਾ ਇਸਤੇਮਾਲ ਦੁਸ਼ਮਣ ਨੂੰ ਵੇਖਣ ਵਿੱਚ ਕਰਦੀ ਹੈ। ਥਣਧਾਰੀ ਜੀਵਾਂ ਵਿੱਚ ਪੂਛ ਮੱਖੀ ਅਤੇ ਮੱਛਰਾਂ ਨੂੰ ਭਜਾਉਣ ਵਿੱਚ ਸਹਾਇਕ ਬਣਦੀ ਹੈ। ਕੁਝ ਜੀਵਾਂ (ਬਾਂਦਰ, ਗਲਹਿਰੀ, ਕੰਗਾਰੂ) ਵਿੱਚ ਇਹੀ ਪੂਛ ਉਹਨਾਂ ਦਾ ਸੰਤੁਲਨ ਬਣਾਈ ਰੱਖਦੀ ਹੈ। ❑

❑ ਭਜਨ ਸਿੰਘ ਲਾਰਕ

# ਚੀਚੋ-ਚੀਚ ਗਨੇਰੀਆਂ

ਚੀਚੋ ਚੀਚ ਗਨੇਰੀਆਂ,
ਦੋ ਤੇਰੀਆਂ, ਦੋ ਮੇਰੀਆਂ,
ਨਾ ਹੋਰੀਆਂ, ਨਾ ਫੇਰੀਆਂ,
ਚੂਸ ਲਓ ਗਨੇਰੀਆਂ।


ਗੰਨਾਂ ਕੱਟ ਬਣਾਈਆਂ,
ਬਰਫ ਉੱਤੇ ਸਜਾਈਆਂ,
ਸਭਨਾਂ ਦੇ ਮਨਭਾਈਆਂ,
ਚੂਸ ਲਓ ਗਨੇਰੀਆਂ।

ਮਿੱਠੀਆਂ ਤੇ ਠੰਡੀਆਂ,
ਰਲ ਮਿਲ ਵੰਡੀਆਂ,
ਨਾ ਰੌਲਾ ਨਾ ਭੰਡੀਆਂ,
ਚੂਸ ਲਓ ਗਨੇਰੀਆਂ।

ਲੂ ਤੋਂ ਬਚਾਉਂਦੀਆਂ,
ਸ਼ਰਬਤ ਪਿਆਉਂਦੀਆਂ,
ਗਰਮੀ ਦੂਰ ਭਜਾਉਂਦੀਆਂ,
ਚੂਸ ਲਓ ਗਨੇਰੀਆਂ।

ਚੀਚੋ ਚੀਚ ਗਨੇਰੀਆਂ,
ਸਾਡੇ ਕੋਲ ਬਥੇਰੀਆਂ,
ਲੱਗੀਆਂ ਨੇ ਢੇਰੀਆਂ,
ਚੂਸ ਲਓ ਗਨੇਰੀਆਂ।





❑ ਅਮਨਪ੍ਰੀਤ ਸਿੰਘ

# ਜਾਦੂਈ ਜਿੰਨ

ਕਾਫ਼ੀ ਸਮਾਂ ਪਹਿਲਾਂ ਦੀ ਗੱਲ ਹੈ। ਇੱਕ ਪਿੰਡ ਵਿੱਚ ਇਕ ਗਰੀਬ ਇਨਸਾਨ ਰਹਿੰਦਾ ਸੀ ਜੋ ਬਹੁਤ ਹੀ ਇਮਾਨਦਾਰ ਸੀ। ਉਹ ਮਿਹਨਤ ਕਰਕੇ ਹੀ ਆਪਣੀ ਹੱਕ ਦੀ ਕਮਾਈ ਖਾਂਦਾ ਸੀ। ਉਸਨੂੰ ਕਿਸੇ ਵੀ ਚੀਜ਼ ਦਾ ਲਾਲਚ ਨਹੀਂ ਸੀ। ਉਹ ਸਾਰਾ ਦਿਨ ਮਿਹਨਤ ਕਰਦਾ ਅਤੇ ਸ਼ਾਮ ਨੂੰ ਘਰ ਪਰਤ ਕੇ ਜੋ ਵੀ ਰੁੱਖੀ-ਸੁੱਖੀ ਜੁੜਦੀ ਸੀ, ਖਾ ਲੈਂਦਾ ਸੀ। ਉਹ ਦੂਸਰਿਆਂ ਦੀ ਸਹਾਇਤਾ ਵੀ ਕਰਦਾ ਸੀ। ਉਸੀ ਪਿੰਡ ਵਿੱਚ ਇੱਕ ਅਮੀਰ ਆਦਮੀ ਵੀ ਰਹਿੰਦਾ ਸੀ ਜੋ ਕਿ ਬਹੁਤ ਲਾਲਚੀ ਸੀ। ਉਹ ਲੋਕਾਂ ਨੂੰ ਤੰਗ ਵੀ ਕਰਦਾ ਸੀ ਅਤੇ ਅਪਣੇ ਸਵਾਰਥ ਲਈ ਦੂਸਰਿਆਂ ਤੋਂ ਕੰਮ ਕਰਵਾਉਂਦਾ ਸੀ।

ਇੱਕ ਵਾਰ ਉਸ ਗਰੀਬ ਇਨਸਾਨ ਨੂੰ ਸ਼ਹਿਰ ਵਿੱਚ ਕਿਸੇ ਕੰਮ ਲਈ ਜਾਣਾ ਪਿਆ। ਸ਼ਹਿਰ ਉਸਦੇ ਪਿੰਡ ਤੋਂ ਕਈ ਮੀਲ ਦੂਰ ਸੀ। ਜਦੋਂ ਉਹ ਜਾ ਰਿਹਾ ਸੀ ਤਾਂ ਉਹ ਅੱਧੇ ਰਾਹ ਵਿੱਚ ਹੀ ਥਕਾਵਟ ਮਹਿਸੂਸ ਕਰਨ ਲੱਗਾ। ਇਸ ਲਈ ਉਸਨੇ ਰਸਤੇ ਕਿਨਾਰੇ ਇਕ ਦਰੱਖਤ ਦੇਖਿਆ ਅਤੇ ਆਰਾਮ ਕਰਨ ਲਈ ਬੈਠ ਗਿਆ। ਜਿਵੇਂ ਹੀ ਉਹ ਇਨਸਾਨ ਬੈਠਿਆ ਤਾਂ ਉਸਨੂੰ ਬੈਠਦਿਆਂ ਸਾਰ ਹੀ ਨੀਂਦ ਆ ਗਈ। ਉਸਨੂੰ ਬਹੁਤ ਗੂੜ੍ਹੀ ਨੀਂਦ ਆ ਗਈ। ਉਸ ਇਨਸਾਨ ਨੂੰ ਇੱਕ ਸੁਪਨਾ ਆਇਆ। ਸੁਪਨੇ ਵਿੱਚ ਇੱਕ ਜਾਦੂਈ ਜਿੰਨ ਪ੍ਰਗਟ ਹੋਇਆ। ਉਸ ਜਿੰਨ ਨੇ ਉਸ ਇਨਸਾਨ ਨੂੰ ਕਿਹਾ - ਹੇ ਇਨਸਾਨ ਇਸ ਦਰੱਖਤ ਥੱਲੇ ਜੋ ਵੀ ਸੌਂਦਾ ਹੈ, ਮੈਂ ਉਸਨੂੰ ਅਮੀਰ ਬਣਾ ਦਿੰਦਾ ਹਾਂ। ਇਸ ਲਈ ਤੂੰ ਇਸ ਦਰੱਖਤ ਦੀਆਂ ਜੜ੍ਹਾਂ ਕੋਲੋਂ ਪੁੱਟ ਕੇ




ਵੇਖਣਾ, ਤੈਨੂੰ ਇੱਕ ਸੰਦੂਕ ਮਿਲੇਗਾ। ਤੂੰ ਉਸ ਸੰਦੂਕ ਨੂੰ ਘਰ ਲੈ ਜਾਵੀਂ ਪਰ ਇੱਕ ਗੱਲ ਯਾਦ ਰੱਖੀਂ, ਇਸ ਸੰਦੂਕ ਨੂੰ ਤੂੰ ਉਦੋਂ ਤੱਕ ਨਾ ਖੋਲੀਂ, ਜਦ ਤੱਕ ਤੂੰ ਘਰ ਨਹੀਂ ਪਹੁੰਚ ਜਾਂਦਾ। ਇੰਨਾ ਕਹਿ ਕੇ ਉਹ ਜਾਦੂਈ ਜਿੰਨ ਗਾਇਬ ਹੋ ਗਿਆ ਅਤੇ ਉਸ ਇਨਸਾਨ ਦੀ ਅੱਖ ਵੀ ਖੁੱਲ ਗਈ।

ਜਦੋਂ ਉਸ ਇਨਸਾਨ ਨੇ ਦਰੱਖਤ ਦੀਆਂ ਜੜ੍ਹਾਂ ਕੋਲੋਂ ਪੁੱਟ ਕੇ ਵੇਖਿਆ ਤਾਂ ਸੱਚਮੁੱਚ ਹੀ ਉਸਨੂੰ ਇੱਕ ਸੰਦੂਕ ਮਿਲਿਆ। ਉਸਨੇ ਬਿਲਕੁਲ ਲਾਲਚ ਨਾ ਕੀਤਾ ਅਤੇ ਉਸ ਜਿੰਨ ਦੀ ਗੱਲ ਯਾਦ ਰੱਖੀ। ਉਹ ਸ਼ਹਿਰ ਜਾਣ ਦੀ ਬਜਾਏ ਘਰ ਵੱਲ ਹੀ ਚੱਲ ਪਿਆ। ਘਰ ਪਹੁੰਚ ਕੇ ਉਸਨੇ ਸੰਦੂਕ ਇੱਕ ਪਾਸੇ ਰੱਖ ਦਿੱਤਾ ਅਤੇ ਪਾਣੀ ਪੀ ਕੇ ਥੋੜ੍ਹਾ ਆਰਾਮ ਕੀਤਾ। ਆਰਾਮ ਕਰਨ ਤੋਂ ਬਾਅਦ ਉਸਨੇ ਉਹ ਸੰਦੂਕ ਖੋਲ੍ਹ ਕੇ ਦੇਖਿਆ ਤਾਂ ਹੈਰਾਨ ਰਹਿ ਗਿਆ। ਉਹ ਸੰਦੂਕ ਹੀਰੇ-ਜਵਾਰਾਤਾਂ ਨਾਲ ਭਰਿਆ ਹੋਇਆ ਸੀ। ਉਹ ਇਨਸਾਨ ਦਿਨਾਂ ਵਿੱਚ ਹੀ ਅਮੀਰ ਬਣ ਗਿਆ। ਉਹ ਹੁਣ ਸਭ ਦੀ ਸਹਾਇਤਾ ਕਰਨ ਲੱਗਾ।

ਜਦੋਂ ਇਹ ਗੱਲ ਉਸ ਪਿੰਡ ਦੇ ਅਮੀਰ ਬੰਦੇ ਨੂੰ ਪਤਾ ਲੱਗੀ ਤਾਂ ਉਸ ਤੋਂ ਰਿਹਾ ਨਾ ਗਿਆ। ਉਹ ਉਸ ਆਦਮੀ ਕੋਲ ਗਿਆ ਅਤੇ ਪੁੱਛਣ ਲੱਗਾ ਕਿ ਦਿਨਾਂ ਵਿੱਚ ਤੁਸੀਂ ਕਿਵੇਂ ਅਮੀਰ ਹੋ ਗਏ। ਉਹ ਇਨਸਾਨ ਸੱਚਾ ਸੀ ਉਸਨੇ ਸਭ ਕੁਝ ਸੱਚ ਦੱਸ ਦਿੱਤਾ। ਜਦੋਂ ਉਸ ਅਮੀਰ ਵਿਅਕਤੀ ਨੇ ਇਹ ਸੁਣਿਆ ਤਾਂ ਉਹ ਵੀ ਉਸ ਤੋਂ ਵੀ ਜਿਆਦਾ ਅਮੀਰ ਹੋਣ ਲਈ ਉਸੀ ਤਰ੍ਹਾਂ ਸ਼ਹਿਰ ਵੱਲ ਚੱਲ ਪਿਆ।

ਉਹ ਅਮੀਰ ਆਦਮੀ ਉਸੀ ਤਰ੍ਹਾਂ ਉਸ ਦਰਖੱਤ ਥੱਲੇ ਰੁਕਿਆ ਅਤੇ ਆਰਾਮ ਕਰਨ ਲੱਗਾ। ਉਹ ਵੀ ਗੂੜ੍ਹੀ ਨੀਂਦ ਸੌਂ ਗਿਆ। ਉਸ ਨੂੰ ਵੀ ਸੁਪਨਾ ਆਇਆ ਅਤੇ ਜਾਦੂਈ ਜਿੰਨ ਪ੍ਰਗਟ ਹੋਇਆ। ਜਿੰਨ ਨੇ ਉਹੀ ਸ਼ਬਦ ਦੁਹਰਾਏ ਜੋ ਉਸ ਗਰੀਬ ਇਨਸਾਨ ਨੂੰ ਕਹੇ ਸੀ ਕਿ ਹੇ ਇਨਸਾਨ ਜੋ ਵੀ ਇਸ ਦਰੱਖਤ ਥੱਲੇ ਸੌਂਦਾ ਹੈ ਉਸਨੂੰ ਮੈਂ ਅਮੀਰ ਬਣਾ ਦਿੰਦਾ ਹਾਂ। ਜਿੰਨ ਨੇ ਉਸਨੂੰ ਕਿਹਾ ਕਿ ਤੂੰ ਇਸ ਦਰੱਖਤ ਦੀਆਂ ਜੜ੍ਹਾਂ ਕੋਲੋਂ ਪੁੱਟ ਕੇ ਵੇਖੀਂ, ਤੈਨੂੰ ਇੱਕ ਸੰਦੂਕ ਮਿਲੇਗਾ



ਅਤੇ ਤੂੰ ਉਸਨੂੰ ਘਰ ਲੈ ਜਾਵੀਂ। ਇੱਕ ਗੱਲ ਯਾਦ ਰੱਖੀਂ, ਇਸ ਨੂੰ ਉਦੋਂ ਤੱਕ ਨਾਂ ਖੋਲ੍ਹੀਂ, ਜਦ ਤੱਕ ਤੂੰ ਘਰ ਨਹੀਂ ਪਹੁੰਚ ਜਾਂਦਾ। ਇੰਨਾਂ ਕਹਿ ਕੇ ਉਹ ਜਿੰਨ ਗਾਇਬ ਹੋ ਗਿਆ ਅਤੇ ਉਸ ਅਮੀਰ ਵਿਅਕਤੀ ਦੀ ਅੱਖ ਵੀ ਖੁੱਲ ਗਈ।

ਜਦੋਂ ਉਸ ਅਮੀਰ ਵਿਅਕਤੀ ਨੇ ਦਰੱਖਤ ਦੀਆਂ ਜੜ੍ਹਾਂ ਕੋਲੋਂ ਪੁੱਟ ਕੇ ਵੇਖਿਆ ਤਾਂ ਉਸਨੂੰ ਵੀ ਉਸ ਤਰ੍ਹਾਂ ਦਾ ਸੰਦੂਕ ਮਿਲਿਆ। ਉਹ ਬਹੁਤ ਖੁਸ਼ ਹੋ ਗਿਆ। ਲਾਲਚ ਕਾਰਨ ਉਹ ਜਿੰਨ ਦੀ ਚੇਤਾਵਨੀ ਵੀ ਭੁੱਲ ਗਿਆ ਸੀ। ਉਸ ਤੋਂ ਰਿਹਾ ਨਾ ਗਿਆ, ਉਸਨੇ ਉਥੇ ਹੀ ਅਮੀਰ ਬਣਨ ਦੀ ਖੁਸ਼ੀ ਵਿੱਚ ਸੰਦੂਕ ਖੋਲ੍ਹ ਦਿੱਤਾ। ਸੰਦੂਕ ਖੁਲਦਿਆਂ ਸਾਰ ਹੀ ਉਸ ਵਿੱਚੋਂ ਇੱਕ ਵੱਡਾ ਨਾਗ ਪ੍ਰਗਟ ਹੋਇਆ। ਉਸਨੇ, ਉਸਨੂੰ ਕਿਹਾ - ਹੇ ਮੂਰਖ ਤੇ ਲਾਲਚੀ ਇਨਸਾਨ, ਜੇਕਰ ਤੂੰ ਥੋੜਾ ਸਬਰ ਕਰ ਲੈਂਦਾ ਤਾਂ ਤੂੰ ਹੋਰ ਅਮੀਰ ਬਣ ਜਾਣਾ ਸੀ। ਉਸਨੇ ਅੱਗੇ ਕਿਹਾ ਕਿ ਤੂੰ ਇਹ ਧਨ ਤਾਂ ਗਵਾਇਆ ਹੀ ਹੈ ਪਰ ਤੇਰੇ ਕੋਲ ਜੋ ਵੀ ਧਨ ਹੈ ਉਹ ਵੀ ਗਾਇਬ ਹੋ ਜਾਵੇਗਾ। ਤੂੰ ਕੰਗਾਲ ਹੋ ਜਾਵੇਂਗਾ। ਤੈਨੂੰ ਇਹ ਧਨ ਸਿਰਫ਼ ਆਪਣੇ ਸਵਾਰਥ ਲਈ ਹੀ ਚਾਹੀਦਾ ਸੀ। ਇਸ ਲਈ ਤੈਨੂੰ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ। ਇੰਨਾ ਕਹਿ ਕੇ ਉਹ ਨਾਗ ਅਲੋਪ ਹੋ ਗਿਆ। ਉਹ ਅਮੀਰ ਇਨਸਾਨ ਸੱਚਮੁੱਚ ਹੀ ਕੰਗਾਲ ਹੋ ਗਿਆ ਅਤੇ ਬਹੁਤ ਪਛਤਾ ਰਿਹਾ ਸੀ।

ਪਿਆਰੇ ਬੱਚਿਓ ! ਕਹਾਣੀ ਦੀ ਸੱਚਾਈ ਜੋ ਵੀ ਹੋਵੇ ਪਰ ਇਹ ਸੱਚ ਹੈ ਕਿ ਇਨਸਾਨ ਜਿਆਦਾ ਪਾਉਣ ਦੇ ਲਾਲਚ ਵਿੱਚ ਥੋੜ੍ਹਾ ਵੀ ਗੁਆ ਦਿੰਦਾ ਹੈ।

❑ ਡਾ. ਅਸ਼ੋਕ ਭਾਰਦਵਾਜ

## ਆਧੁਨਿਕ ਭੌਤਿਕੀ ਦੇ ਜਨਮਦਾਤਾ

# ਆਈਜ਼ਕ ਨਿਊਟਨ



ਆਈਜ਼ਕ ਨਿਊਟਨ ਦੁਨੀਆ ਦੇ ਮਹਾਨ ਵਿਗਿਆਨਕਾਂ ਵਿਚੋਂ ਹਨ। ਪਰ ਹਕੀਕਤ ਇਹ ਹੈ ਕਿ ਨਿਊਟਨ ਆਧੁਨਿਕ ਭੌਤਿਕੀ ਦੇ ਜਨਮਦਾਤਾ ਹਨ। ਨਿਊਟਨ ਦੇ ਨਾਲ ਹੀ ਅਸੀਂ ਭੌਤਿਕੀ ਦੇ ਯਾਂਤਰਿਕ ਯੁਗ ਵਿੱਚ ਪ੍ਰਵੇਸ਼ ਕਰਦੇ ਹਾਂ। ਆਈਜ਼ਕ ਨਿਊਟਨ ਭੌਤਿਕ ਵਿਗਿਆਨ ਦੇ ਉਸ ਮੋੜ ਉਤੇ ਖੜੇ ਹਨ, ਜਿਥੋਂ ਪਿੱਛੇ ਸਭ ਕੁਝ ਅਨੁਮਾਨ ਤੇ ਆਧਾਰਿਤ ਹੈ ਅਤੇ ਅਗੇ ਸਭ ਕੁਝ ਮਾਪਿਆ ਜਾ ਸਕਦਾ ਹੈ। ਪ੍ਰਾਚੀਨ ਕੈਲੇਂਡਰ ਦੇ ਮੁਤਾਬਿਕ ਨਿਊਟਨ ਦਾ ਜਨਮ 25 ਦਸੰਬਰ ਸੰਨ 1642 ਨੂੰ ਬ੍ਰਿਟੇਨ ਦੇ ਇਕ ਛੋਟੇ ਜਿਹੇ ਕਸਬੇ ਵੂਲਸ ਥੋਰਪ ਵਿੱਚ ਹੋਇਆ ਸੀ, ਜੋ ਲਿੰਕਨਸ਼ਾਇਰ ਵਿੱਚ ਪੈਂਦਾ ਹੈ। ਉਹਨਾਂ ਦੇ ਕਿਸਾਨ ਪਿਤਾ ਦੀ ਮੌਤ ਉਹਨਾਂ ਦੇ ਜਨਮ ਤੋਂ ਕੁਝ ਦਿਨ ਪਹਿਲਾਂ ਹੀ ਹੋ ਗਈ ਸੀ। ਜਦੋਂ ਉਹ ਅਜੇ ਤਿੰਨ ਸਾਲ ਦੇ ਹੀ ਸਨ ਕਿ ਉਹਨਾਂ ਦੀ ਮਾਂ ਹੈਨਾ ਨੇ ਦੂਜਾ ਵਿਆਹ ਕਰ ਲਿਆ। ਇਸ ਕਾਰਣ ਉਹਨਾਂ ਦਾ ਪਾਲਣ-ਪੋਸ਼ਣ ਉਹਨਾਂ ਦੀ ਦਾਦੀ ਨੇ ਕੀਤਾ।

ਛੋਟੇ ਜਿਹੇ ਦੇਸੀ ਸਕੂਲ ਦੀ ਆਰੰਭਿਕ ਸਿਖਿਆ ਦੇ ਬਾਅਦ ਨਿਊਟਨ 12 ਸਾਲ ਦੀ ਉਮਰ ਵਿੱਚ ਨੇੜੇ ਦੇ ਸ਼ਹਿਰ ਗ੍ਰੰਥਮ ਦੇ ਕਿੰਗਜ਼ ਸਕੂਲ ਭੇਜੇ ਗਏ। ਸ਼ੁਰੂ ਵਿੱਚ ਨਿਊਟਨ ਬੇਹਦ ਨਾਕਾਰਾ ਵਿਦਿਆਰਥੀਆਂ ਵਿਚੋਂ ਸਨ। ਖਿਡਾਉਣਿਆਂ ਨੂੰ ਨਵਾਂ ਰੂਪ ਦੇਣ, ਪਤੰਗ ਬਣਾਉਣ ਅਤੇ ਪੇਂਟ ਕਰਨ ਜਿਹੇ ਕੰਮਾਂ ਵਿੱਚ ਉਹ ਇਸ ਕਦਰ ਰੁਝੇ ਰਹਿੰਦੇ ਸਨ ਕਿ ਉਹਨਾਂ ਨੂੰ ਸਕੂਲ ਦੇ ਕੰਮਾਂ ਦੀ ਕੋਈ ਪ੍ਰਵਾਹ ਹੀ ਨਹੀਂ ਹੁੰਦੀ ਸੀ ਪਰ ਇਕ ਸਕੂਲੀ ਵਿਦਿਆਰਥੀ ਦੇ ਚੈਲੰਜ ਨੇ ਉਹਨਾਂ ਦੇ ਅੰਦਰ ਦੇ ਸੁੱਤੇ ਹੋਏ ਨਿਊਟਨ ਨੂੰ ਜਗਾ ਦਿਤਾ। ਸਾਰੀ ਉਮਰ ਅਵਿਵਾਹਿਤ ਰਹਿਣ ਵਾਲੇ ਨਿਊਟਨ ਨੇ ਕੈਂਬ੍ਰਿਜ ਯੂਨੀਵਰਸਿਟੀ ਦੇ ਟ੍ਰਿਨਿਟੀ ਕਾਲਜ ਤੋਂ ਬੀ.ਏ. ਦੀ ਡਿਗਰੀ ਸੰਨ 1965 ਵਿੱਚ ਹਾਸਿਲ ਕੀਤੀ।

ਗੈਲੀਲੀਆਂ ਨੂੰ ਆਪਣਾ ਪ੍ਰੇਰਣਾਸਰੋਤ ਮੰਨਣ ਵਾਲੇ ਨਿਊਟਨ ਨੇ ਪ੍ਰਕਿਰਤੀ ਦੇ ਅਮੂਰਤ ਨਿਯਮਾਂ ਨੂੰ ਤਰਕ ਅਤੇ ਸੂਤਰਬਧ ਸਿਧਾਂਤਾਂ ਨਾਲ ਲੈਸ ਕੀਤਾ। ਇਸ ਤਰ੍ਹਾਂ ਉਹਨਾਂ ਨੇ ਪ੍ਰਾਚੀਨ ਭੌਤਿਕ ਵਿਗਿਆਨ ਦੀਆਂ ਤਰੁਟੀਆਂ ਨੂੰ ਸੁਧਾਰਿਆ। ਨਿਊਟਨ ਦੁਆਰਾ ਕੀਤੀਆਂ ਗਈਆਂ ਖੋਜਾਂ ਦੀ ਇਕ ਲੰਮੀ ਸੂਚੀ ਹੈ। ਗਤੀ, ਭੂਮੀ ਆਕਰਸ਼ਣ ਅਤੇ ਪ੍ਰਕਾਸ਼ ਸੰਬੰਧਿਤ ਸਿਧਾਂਤ ਦੀਆਂ ਆਪਣੀਆਂ ਮਹਾਨ ਖੋਜਾਂ ਦੇ ਨਾਲ ਹੀ ਨਿਊਟਨ ਨੇ ਗਣਿਤ ਵਿੱਚ ਵੀ ਮੀਲ ਦੇ ਪੱਥਰ ਕਾਇਮ ਕੀਤੇ ਇਹ ਨਿਊਟਨ ਹੀ ਸਨ ਜਿਨ੍ਹਾਂ ਨੇ ਬੀਜਗਣਿਤ ਨੂੰ ਸੂਤਰਬਧ ਕਰਨ ਦਾ ਕੰਮ ਵੀ ਕੀਤਾ। ਸ਼ੀਸ਼ੇ ਨੂੰ ਘਿਸ ਕੇ ਪਹਿਲੀ ਵਾਰ ਲੈਂਜ਼ਾਂ ਦਾ ਨਿਰਮਾਣ ਨਿਊਟਨ ਨੇ ਹੀ ਕੀਤਾ ਸੀ, ਪਰ ਉਹਨਾਂ ਦੀਆਂ ਜਿਨ੍ਹਾਂ ਦੋ ਖੋਜਾਂ ਨੇ ਵਿਗਿਆਨ ਅਤੇ ਮਾਨਵ ਵਿਕਾਸ ਵਿੱਚ ਮਹਾਨ ਤਬਦੀਲੀ ਕਰ ਦਿੱਤੀ ਉਹ ਹਨ ਉਹਨਾਂ ਦੀ ਗਤੀ ਅਤੇ ਭੂਮੀ ਆਕਰਸ਼ਣ ਸੰਬੰਧਿਤ ਸਿਧਾਂਤ ਅਤੇ ਪ੍ਰਕਾਸ਼ ਸਬੰਧੀ ਨਿਯਮ। ਰੰਗਹੀਨ ਦਿਸਣ ਵਾਲਾ ਪ੍ਰਕਾਸ਼ 'ਸੱਤ ਪ੍ਰਾਕ੍ਰਿਤਿਕ ਰੰਗਾਂ ਦਾ ਸੁਮੇਲ ਹੈ' ਇਸ ਮਹੱਤਵ ਪੂਰਣ ਤੱਥ ਦੀ ਖੋਜ ਨਿਊਟਨ ਨੇ ਹੀ ਕੀਤੀ ਸੀ। ਇਹ ਹੀ ਨਹੀਂ ਪ੍ਰਕਾਸ਼ ਵਿੱਚ ਮੌਜੂਦ ਰੰਗਾਂ ਨੂੰ ਦੇਖਣ ਲਈ ਨਿਊਟਨ ਨੇ 'ਪ੍ਰਿਜ਼ਮ' ਦੀ ਖੋਜ ਵੀ ਕੀਤੀ।

ਸੰਨ 1705 ਵਿੱਚ ਇੰਗਲੈਂਡ ਦੀ ਮਹਾਰਾਣੀ ਏਨ ਦੁਆਰਾ 'ਸਰ' ਦੀ ਉਪਾਧੀ ਪ੍ਰਾਪਤ ਕਰਨ ਵਾਲੇ ਪਹਿਲੇ ਵਿਗਿਆਨਿਕ ਸਰ ਆਈਜ਼ਕ ਨਿਊਟਨ ਨੇ ਰੁੱਖ ਤੋਂ ਡਿਗਦੇ ਹੋਏ ਸੇਬ ਨੂੰ ਵੇਖ ਕੇ ਨਾ ਕੇਵਲ 'ਗ੍ਰੇਵੀਟੇਸ਼ਨਲ ਫੋਰਸ' ਦੇ ਸਿਧਾਂਤ ਦੀ ਖੋਜ ਕੀਤੀ ਬਲਕਿ ਇਹ ਵੀ ਪਤਾ ਲਾ ਲਿਆ ਕਿ ਕਿਸੇ ਡਿੱਗਦੇ ਹੋਏ ਸੇਬ ਦੀ ਗਤੀ ਪ੍ਰਿਥਵੀ ਤੋਂ ਉਸਦੀ ਦੂਰੀ ਦੇ ਅਨੁਸਾਰ ਹੁੰਦੀ ਹੈ। ਗ੍ਰੇਵੀਟੇਸ਼ਨਲ ਸਿਧਾਂਤ ਵਿੱਚ ਕਾਲ ਅਤੇ ਗਤੀ ਦੀ ਇਹੀ ਪਹਿਚਾਨ ਬਾਅਦ ਵਿੱਚ ਆਈਂਸਟੀਨ ਦੇ 'ਰਿਲੇਟੀਵਿਟੀ' ਦੇ ਸਿਧਾਂਤ ਦਾ ਆਧਾਰ ਬਣਿਆ। ਨਿਊਟਨ ਨੇ 6 ਇੰਚ ਲੰਮੀ ਇਕ ਦੂਰਬੀਨ ਦੀ ਵੀ ਖੋਜ ਕੀਤੀ ਅਤੇ ਇਸ ਨਾਲ ਉਹਨਾਂ ਨੇ ਬ੍ਰਹਿਸਪਤੀ (ਵੀਨਸ) ਨੂੰ ਵੇਖਣ ਵਿੱਚ ਸਫਲਤਾ ਵੀ ਹਾਸਿਲ ਕੀਤੀ ਸੀ। ਨਿਊਟਨ ਦੀ ਮੌਤ 20 ਮਾਰਚ ਸੰਨ 1727 ਨੂੰ ਲੰਦਨ ਵਿੱਚ ਹੋਈ। ■

# ਹਾਸਾ ਖੇਡਾ

ਅਧਿਕਾਰੀ : (ਮਜ਼ਦੂਰ ਨੂੰ) ਕਿਉਂ ਭਾਈ ਰਾਮਦੀਨ, ਦੂਸਰੇ ਮਜ਼ਦੂਰ ਦੋ-ਦੋ ਬੈਗ ਲੈ ਕੇ ਜਾ ਰਹੇ ਹਨ ਆਖਿਰ ਤੂੰ ਹੀ ਕਿਉਂ ਇਕ ਬੈਗ ਲੈ ਕੇ ਜਾ ਰਿਹਾ ਹੈ?

ਮਜ਼ਦੂਰ : ਸਾਹਿਬ ! ਉਹ ਮਜ਼ਦੂਰ ਆਲਸੀ ਹਨ। ਦੋ-ਵਾਰ ਚੱਕਰ ਲਾਉਣ ਤੋਂ ਡਰਦੇ ਹਨ।

..........

ਇਕ ਘਰੇਲੂ ਔਰਤ ਨੇ ਦੋਧੀ ਨੂੰ ਕਿਹਾ - ਇਸ ਦੁੱਧ ਤੇ ਨਾ ਹੀ ਮਲਾਈ ਆਉਂਦੀ ਹੈ ਨਾ ਹੀ ਮੱਖਣ ਆਉਂਦਾ ਹੈ।

ਦੋਧੀ ਬੋਲਿਆ - ਭੈਣ ਜੀ! ਮੇਰੀ ਮੱਝ ਨੂੰ ਮੱਖਣਬਾਜੀ ਤੋਂ ਸਖ਼ਤ ਨਫ਼ਰਤ ਹੈ।

..........

ਪਾਪਾ : (ਸੋਨੂੰ ਨੂੰ) ਗਣਿਤ ਵਿਚੋਂ ਤੈਨੂੰ ਕਿੰਨੇ ਨੰਬਰ ਮਿਲੇ?

ਸੋਨੂੰ : ਜੀ ਦਿਨੇਸ਼ ਤੋਂ 10 ਨੰਬਰ ਘੱਟ।

ਪਾਪਾ : ਦਿਨੇਸ਼ ਨੂੰ ਕਿੰਨੇ ਨੰਬਰ ਮਿਲੇ?

ਸੋਨੂੰ : ਜੀ ਦਸ।



..........

ਅਧਿਆਪਕ (ਵਿਦਿਆਰਥੀ ਨੂੰ) ਤੂੰ ਐਨੀ ਦੇਰ ਨਾਲ ਕਿਉਂ ਆਇਆ?

ਵਿਦਿਆਰਥੀ : ਸਰ! ਸਕੂਲ ਦੇ ਬਾਹਰ ਸੜਕ ਉਤੇ ਬੋਰਡ ਤੇ ਲਿਖਿਆ ਸੀ 'ਸਕੂਲ ਨੇੜੇ ਹੈ, ਕਿਰਪਾ ਕਰਕੇ ਹੌਲੀ ਚੱਲੋ'।

– ਚੰਚਲੂ

ਰਾਹੁਲ : ਕਮਰੇ ਵਿਚ ਕਿੰਨਾ ਹਨੇਰਾ ਹੈ, ਬਲਬ ਕਿਉਂ ਨਹੀਂ ਜਗਾਉਂਦੇ?

ਵਿਕਾਸ : ਬਲਬ ਜਗਾਉਣ ਲਈ ਮਾਚਿਸ ਨਹੀਂ ਹੈ।

..........



ਗਾਹਕ : ਇਹ ਰਸਗੁਲੇ ਕਿੰਨੇ ਦੇ ਹਨ?

ਦੁਕਾਨਦਾਰ : ਪੰਜ ਰੁਪਏ ਦਾ ਇਕ।

ਗਾਹਕ : ਅਤੇ ਇਹ ਰਸ?

ਦੁਕਾਨਦਾਰ : ਬਿਲਕੁਲ ਮੁਫ਼ਤ

ਗਾਹਕ : ਤਾਂ ਮੈਨੂੰ ਸਿਰਫ ਰਸ ਦੇ ਦਿਓ।

..........

ਅਮਿਤ : ਯਾਰ ਰਵੀ, ਵੇਖ ਕੇ ਤੁਰਿਆ ਕਰ ਨਹੀਂ ਤਾਂ ਕਿਸੇ ਗੱਡੀ ਹੇਠਾਂ ਆ ਜਾਏਂਗਾ।

ਰਵੀ : ਯਾਰ ਤੂੰ ਘਬਰਾ ਨਹੀ। ਮੈਂ ਤਾਂ ਕਈ ਵਾਰ ਹਵਾਈ ਜਹਾਜ਼ ਦੇ ਹੇਠਾਂ ਆ ਚੁੱਕਾ ਹਾਂ।

..........

ਇਕ ਸਾਈਕਲ ਸਵਾਰ ਨੇ ਬੱਚੇ ਨੂੰ ਟੱਕਰ ਮਾਰ ਦਿੱਤੀ। ਬੱਚਾ ਰੋਣ ਲੱਗਾ। ਉਸਨੇ ਬੱਚੇ ਨੂੰ 20 ਰੁਪਏ ਦਾ ਨੋਟ ਦਿਤਾ।

ਬੱਚਾ ਹੰਝੂ ਪੂੰਝ ਕੇ ਬੋਲਿਆ, ''ਅੰਕਲ ਆਪ ਇਧਰੋਂ ਫਿਰ ਕਦੋਂ ਗੁਜਰੋਗੇ?'

– ਮਨੋਜ ਕੁਮਾਰ

ਇਕ ਆਦਮੀ ਯੂਨੀਵਰਸਿਟੀ ਦੇ ਚੌਕੀਦਾਰ ਨੂੰ - ਇਹ ਯੂਨੀਵਰਸਿਟੀ ਕਿਹੋ ਜਿਹੀ ਹੈ?



ਚੌਕੀਦਾਰ ਬੋਲਿਆ - ਜਬਰਦਸਤ! ਮੈਂ ਐਮ. ਬੀ.ਏ. ਇਥੋਂ ਹੀ ਕੀਤੀ ਹੈ ਅਤੇ ਨੌਕਰੀ ਵੀ ਮਿਲ ਗਈ।

..........

ਰਾਜੂ : (ਰਾਕੇਸ਼ ਨੂੰ) ਵੇਖੋ, ਭੁਚਾਲ ਆ ਗਿਆ, ਪੂਰਾ ਘਰ ਹਿੱਲ ਰਿਹਾ ਹੈ।

ਰਾਕੇਸ਼ : ਤੂੰ ਟੈਂਸ਼ਨ ਕਿਉਂ ਲੈਂਦਾ ਹੈ? ਆਰਾਮ ਨਾਲ ਸੌ ਜਾ। ਘਰ ਤਾਂ ਮਾਲਿਕ ਮਕਾਨ ਦਾ ਡਿਗੇਗਾ ਨਾ।

..........

ਡਾਕਟਰ : (ਪੱਪੂ ਨੂੰ) ਤੁਹਾਡਾ ਵਜ਼ਨ ਕਿੰਨਾ ਹੈ?

ਪੱਪੂ : ਜੀ, ਚਸ਼ਮੇ ਦੇ ਨਾਲ ਪੂਰਾ 75 ਕਿਲੋ।

ਡਾਕਟਰ : ਅਤੇ ਚਸ਼ਮੇ ਦੇ ਬਿਨਾ।

ਪੱਪੂ : ਜੀ ਮੈਨੂੰ ਦਿਸਦਾ ਹੀ ਨਹੀਂ ਹੈ, ਕੀ ਪਤਾ?

..........

- ਆ ਜਾਉ ਕੁੱਤੇ ਤੋਂ ਡਰੋ ਨਹੀਂ।

ਇਕ ਵਿਅਕਤੀ ਨੇ ਘਰ ਵਿੱਚ ਆਏ ਮਹਿਮਾਨ ਨੂੰ ਕਿਹਾ।

ਕੀ ਇਹ ਵੱਢਦਾ ਨਹੀਂ ਹੈ?

ਮਹਿਮਾਨ ਨੇ ਪੁੱਛਿਆ।

ਇਹੀ ਤਾਂ ਮੈਂ ਵੇਖਣਾ ਚਾਹੁੰਦਾ ਹਾਂ। ਮੈਂ ਇਹਨੂੰ ਅੱਜ ਹੀ ਖਰੀਦ ਕੇ ਲਿਆਇਆ ਹਾਂ। - ਵਿਅਕਤੀ ਬੋਲਿਆ।

- ਅਕਾਸ਼ ਨਿਰੰਕਾਰੀ

ਸੰਟੀ ਪਾਰਕਿੰਗ ਵਿੱਚ ਆਪਣੀ ਕਾਰ ਦੇ ਪਹੀਏ ਕੱਢ ਰਿਹਾ ਸੀ।

ਬੰਟੀ : ਓਏ ਇਹ ਕੀ ਕਰ ਰਿਹਾ ਹੈ?

ਸੰਟੀ : ਕਾਰ ਦੇ ਦੋ ਪਹੀਏ ਕੱਢ ਰਿਹਾ ਹਾਂ।

ਬੰਟੀ : ਪਰ ਤੂੰ ਪਹੀਏ ਕਿਉਂ ਕੱਢ ਰਿਹਾ ਹੈ? ਇਹ ਤਾਂ ਵੇਖਣ ਵਿੱਚ ਠੀਕ ਲੱਗ ਰਹੇ ਹਨ।

ਸੰਟੀ : ਵੇਖ ਨਹੀ ਰਿਹਾ, ਇਥੇ ਲਿਖਿਆ ਹੈ - ਔਨਲੀ ਟੂ ਵਹੀਲਰ ਪਾਰਕਿੰਗ।

..........



ਇਕ ਵਿਅਕਤੀ :

ਭਾਈ, ਇਹ ਚਾਰ ਵਜੇ ਵਾਲੀ ਟ੍ਰੇਨ ਕਦੋਂ ਆ ਰਹੀ ਹੈ?

ਦੂਸਰਾ ਵਿਅਕਤੀ :

ਤਿੰਨ ਵੱਜ ਕੇ ਸੱਠ ਮਿੰਟ ਤੇ।

ਪਹਿਲਾ ਵਿਅਕਤੀ :

ਇਹ ਰੇਲਵੇ ਵਾਲੇ ਵੀ ਅਜ਼ੀਬ ਹਨ। ਜਦ ਵੇਖੋ ਟ੍ਰੇਨ ਦਾ ਟਾਇਮ ਬਦਲ ਦਿੰਦੇ ਹਨ।

- ਅਵਿਨਾਸ਼

❑ ਉਦੈ ਠਾਕਰ

# ਪ੍ਰਕ੍ਰਿਤੀ ਦੇ ਅਜੂਬੇ ਇਹ ਫੁੱਲ

**ਸਾਵਨੀ ਫੁੱਲ** – ਸੂਡਾਨ ਦੇ ਜੰਗਲਾਂ ਵਿੱਚ ਇਕ ਇਹੋ ਜਿਹਾ ਰੁੱਖ ਹੈ ਜਦੋਂ ਉਸ ਵਿੱਚ ਫੁੱਲ



ਉਗਦੇ ਹਨ ਤਾਂ ਮੀਂਹ ਪੈ ਜਾਂਦਾ ਹੈ। ਭਾਰਤ ਵਿੱਚ ਸਾਵਨੀ ਨਾਮਕ ਪੌਦੇ ਤੇ ਵਰਖਾ ਤੋਂ ਪਹਿਲਾਂ ਫੁੱਲ ਖਿੜਦੇ ਹਨ। ਸਾਵਨੀ ਦੀਆਂ ਜੜ੍ਹਾਂ ਧਰਤੀ ਵਿੱਚ ਹਨ ਪਰ ਆਸਮਾਨ ਵਿੱਚ ਆਉਣ ਵਾਲੇ ਬੱਦਲਾਂ ਦੀ ਸੂਚਨਾਂ ਉਸ ਨੂੰ ਕਿਵੇਂ ਮਿਲ ਜਾਂਦੀ ਹੈ। ਸ਼ਾਇਦ ਇਹ ਰਿਸ਼ਤਾ ਅਤੇ ਗੱਲਬਾਤ ਪਿਆਸ ਨਾਲ ਜੁੜਿਆ ਹੈ।

**ਨਾਰੀ ਪੋਲ** – ਥਾਈਲੈਂਡ ਦੇ ਪੇਚਾਬੂਨ ਸ਼ਹਿਰ ਵਿੱਚ ਜੋ ਫੁੱਲ ਮਿਲਦਾ ਹੈ ਉਹ ਬਿਲਕੁਲ ਨਾਰੀ ਦੇ ਆਕਾਰ ਦਾ ਹੈ। ਇਸ ਲਈ ਇਸ ਰੁੱਖ ਨੂੰ ਨਾਰੀ ਪੋਲ ਦਾ ਨਾਮ ਦਿੱਤਾ ਗਿਆ ਹੈ। ਨਾਰੀ ਪੋਲ ਸੰਸਕ੍ਰਿਤ ਦੇ ਮਿਲਦੇ-ਜੁਲਦੇ ਦੋ ਸ਼ਬਦ ਨਾਰੀ (ਔਰਤ) ਅਤੇ ਪੋਲ (ਰੁੱਖ) ਨਾਲ ਬਣਿਆ ਹੈ। ਵਿਗਿਆਨਕਾਂ ਨੇ ਇਸ ਉਤੇ ਨਿਕਲਣ ਵਾਲੀ ਕਲੀਆਂ ਦਾ ਚੀਰਫਾੜ ਕਰਕੇ ਅਧਿਐਨ ਵੀ ਕੀਤਾ ਪਰ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕੇ।

**ਬ੍ਰਹਮ ਫੁੱਲ** – ਇਹ ਫੁੱਲ ਨਾਗਾਲੈਂਡ ਦੀ ਛੇਤੀਆ ਨਦੀ ਵਿੱਚ ਉਗਦਾ ਹੈ। ਇਸਨੂੰ ਵਾਟਰ ਲਿਲੀ ਵੀ ਕਹਿੰਦੇ ਹਨ। ਨਾਗਾਲੈਂਡ ਦੀ ਭਾਸ਼ਾ ਵਿੱਚ ਵਾਟਰ ਲਿਲੀ ਨੂੰ ਸੋਲਾ ਕਹਿੰਦੇ ਹਨ। ਦੁਨੀਆ ਵਿੱਚ ਫੁੱਲਾਂ ਦੀਆਂ ਹਜ਼ਾਰਾਂ ਕਿਸਮਾਂ ਵਿਚੋਂ ਸੋਲਾ ਫੁੱਲ ਡਰਾਈ-ਫਲਾਵਰ ਦੀ ਸ਼੍ਰੇਣੀ ਵਿੱਚ ਇਕ ਮਾਤਰ ਪ੍ਰਾਕ੍ਰਿਤਕ ਫੁੱਲ ਹੈ। ਇਹ ਫੁੱਲ ਛੇਤੀਆ ਨਦੀ ਵਿੱਚ ਹੁੰਦਾ ਹੈ ਜੋ ਬ੍ਰਹਮਾਪੁੱਤਰ ਨਦੀ ਤੋਂ ਨਿਕਲਦੀ ਇਕ ਛੋਟੀ ਨਦੀ ਹੈ ਅਤੇ ਅਸਮ, ਨਾਗਾਲੈਂਡ ਹੋ ਕੇ ਮਣੀਪੁਰ ਪਹੁੰਚਦੀ ਹੈ। ਬ੍ਰਹਮਪੁੱਤਰ ਨਦੀ ਤੋਂ ਨਿਕਲੀ ਹੋਣ ਕਾਰਣ ਸੋਲਾ ਫੁੱਲ ਨੂੰ ਬ੍ਰਹਮਫੁੱਲ ਵੀ ਕਹਿੰਦੇ ਹਨ।

**ਬਦਬੂਦਾਰ ਫੁੱਲ** – ਸ਼ਿਕਾਗੋ ਦੇ ਬੋਟੈਨਿਕਲ ਗਾਰਡਨ ਵਿੱਚ ਦੁਨੀਆਂ ਦਾ ਸਭ ਤੋਂ ਬਦਬੂਦਾਰ ਫੁੱਲ ਟਾਈਟਲਆਰਾ ਖਿੜਿਆ ਤਾਂ ਸਾਢੇ ਚਾਰ ਫੁੱਟ ਲੰਮੇ ਇਸ ਫੁੱਲ ਨੂੰ ਵੇਖਣ ਕਈ ਲੋਕ ਆਏ। ਇਸਨੂੰ ਕੋਪਰਸ ਫਲਾਵਰ ਵੀ ਕਹਿੰਦੇ ਹਨ ਅਤੇ ਇਹ ਸਿਰਫ ਦੋ ਦਿਨ ਲਈ ਖਿੜਦਾ ਹੈ। ਇਹ ਫੁੱਲ 16 ਤੋਂ 20 ਫੁੱਟ ਉਚੱਾ ਵੀ ਹੋ ਜਾਂਦਾ ਹੈ। ■



# ਸਾਧਾਰਨ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉੱਤਰ 'ਮ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ:1) ਰਾਜਾ ਜਨਕ ਦੇ ਸਭ ਤੋਂ ਵੱਡੇ ਦਾਮਾਦ ਕੌਣ ਸਨ?

ਪ੍ਰਸ਼ਨ:2) ਹਿੰਡਿਬਾ ਦਾ ਪਤੀ ਕੌਣ ਸੀ?

ਪ੍ਰਸ਼ਨ:3) ਸਭ ਤੋਂ ਘੱਟ ਆਬਾਦੀ ਵਾਲਾ ਭਾਰਤੀ ਰਾਜ ਕਿਹੜਾ ਹੈ?

ਪ੍ਰਸ਼ਨ:4) ਕੇਰਲ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ:5) ਭਾਰਤ ਦਾ 'ਮਿਸਾਇਲ ਪੁਰਸ਼' ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ:6) ਕਿਸ ਰਿਸ਼ੀ ਨੇ ਆਪਣੀਂ ਪਤਨੀ ਅਹੱਲਿਆ ਨੂੰ ਪੱਥਰ ਦਾ ਬਣ ਜਾਣ ਦਾ ਸ਼ਰਾਪ ਦਿੱਤਾ ਸੀ?

ਪ੍ਰਸ਼ਨ:7) ਡਿਗਬੋਈ ਤੇਲ ਖੇਤਰ ਕਿਸ ਰਾਜ ਵਿਚ ਹੈ?

ਪ੍ਰਸ਼ਨ:8) ਇਟਲੀ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ:9) ਸੰਗਿਆ ਦੇ ਸਥਾਨ ਤੇ ਜਿਸ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਉਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ:10) ਭਾਰਤ ਦਾ ਰਾਸ਼ਟਰੀ ਗੀਤ ਕਿਹੜਾ ਹੈ?

ਪ੍ਰਸ਼ਨ:11) ਸਭ ਤੋਂ ਭਾਰੀ ਧਾਤੂ ਕਿਹੜੀ ਹੈ?

ਪ੍ਰਸ਼ਨ:12) ਕਿਸ ਰਿਸ਼ੀ ਨੇ ਗਣੇਸ਼ ਜੀ ਦਾ ਇਕ ਦੰਦ ਤੋੜਿਆ ਸੀ?

ਪ੍ਰਸ਼ਨ:13) ਸਿਕੰਦਰ ਅਤੇ ਪੋਰਸ ਦਾ ਯੁੱਧ ਕਿਸ ਨਦੀ ਦੇ ਕਿਨਾਰੇ ਲੜਿਆ ਗਿਆ ਸੀ?

ਪ੍ਰਸ਼ਨ:14) ਮਹਾਤਮਾ ਗਾਂਧੀ ਨੇ ਮਰਨ ਤੋਂ ਪਹਿਲਾਂ ਕਿਹੜੇ ਸ਼ਬਦ ਕਹੇ ਸਨ?

ਪ੍ਰਸ਼ਨ:15) ਗਾਇਤ੍ਰੀ ਮੰਤਰ ਦੀ ਸ਼ੁਰੂਆਤ ਕਿਸ ਸ਼ਬਦ ਤੋਂ ਹੁੰਦੀ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ







ਕਿੱਟੀ! ਇਸ ਲੈਂਜ਼ ਨੂੰ ਰੱਖ ਦੇ, ਇਹ ਤੇਰੇ ਕੰਮ ਦੀ ਚੀਜ਼ ਨਹੀਂ ਹੈ।
ਮੈਂ ਤਾਂ ਬਸ ਵੇਖ ਰਹੀ ਹਾਂ, ਮੋਟੂ।
ਕਿਉਂ ਨਾ ਮੈਂ ਇਹਨੂੰ ਰੱਖ ਲਵਾਂ? ਮੋਟੂ ਹੁਣ ਇਧਰ ਨਹੀਂ ਵੇਖ ਰਿਹਾ ਹੈ।
ਬੱਚਿਓ! ਹੁਣ ਅਸੀਂ ਸਾਰੇ ਪ੍ਰੈਕਟੀਕਲ ਕਰਾਂਗੇ। ਸਾਰੇ ਬੱਚੇ ਇਧਰ ਵੇਖੋ।


ਵਾਹ! ਮਜਾ ਆ ਗਿਆ। ਇਹ ਲੈਂਜ਼ ਕਿੰਨਾ ਵਧੀਆ ਹੈ।
ਵਾਹ! ਇਸ ਲੈਂਜ਼ ਨਾਲ ਵੇਖਣ ਤੇ ਸਭ ਕੁਝ ਵੱਡਾ-ਵੱਡਾ ਦਿਖਾਈ ਦੇ ਰਿਹਾ ਹੈ। ਹੋਰ ਤਾਂ ਹੋਰ ਮੇਰੀ ਪੂਛ ਵੀ ਮੋਟੀ ਨਜ਼ਰ ਆ ਰਹੀ ਹੈ।
ਬਾਪ ਰੇ ਬਾਪ! ਅੱਗ...ਅੱਗ। ਮੇਰੀ ਪੂਛ ਸੜ ਗਈ। ਕੋਈ ਹੈ? ਬਚਾਓ! ਬਚਾਓ!


ਕਿੱਟੀ, ਇਹ ਕੀ ਕਰ ਲਿਆ ਤੂੰ?
ਮੈਨੂੰ ਛੇਤੀ-ਛੇਤੀ ਬਚਾਓ, ਮੇਰੇ ਬਹੁਤ ਸਾੜ ਪੈ ਰਿਹਾ ਹੈ।
ਵੇਖੋ ਬੱਚਿਉ! ਸਾਨੂੰ ਜਿਸ ਚੀਜ਼ ਦਾ ਗਿਆਨ ਨਾ ਹੋਵੇ ਉਸ ਨਾਲ ਛੇੜਖਾਨੀ ਨਹੀਂ ਕਰਨੀ ਚਾਹੀਦੀ। ਹੋਇਆ ਇੰਝ ਹੋਵੇਗਾ ਕਿ ਜਦ ਕਿੱਟੀ ਲੈਂਜ਼ ਨਾਲ ਆਪਣੀ ਪੂਛ ਵੇਖ ਰਹੀ ਹੋਵੇਗੀ ਤਾਂ ਸੂਰਜ ਦੀਆਂ ਕਿਰਨਾਂ ਇਸ ਲੈਂਜ਼ ਨਾਲ ਪੂਛ ਤੇ ਕੇਂਦ੍ਰਿਤ ਹੋ ਗਈਆਂ ਅਤੇ ਉਸ ਨਾਲ ਅੱਗ ਲੱਗ ਗਈ।
ਮੈਨੂੰ ਮਾਫ਼ ਕਰ ਦਿਉ। ਮੈਂ ਅਗੇ ਤੋਂ ਅਜਿਹਾ ਕੋਈ ਕੰਮ ਨਹੀਂ ਕਰਾਂਗੀ।



ਇਤਿਹਾਸਕ ਕਹਾਣੀ : ਰਾਧੇਲਾਲ 'ਨਵਚੱਕਰ'

# ਰਾਣੀ ਰੂਪਸੁੰਦਰੀ ਦਾ ਆਦਰਸ਼

ਕਈ ਸੌ ਸਾਲ ਪਹਿਲਾਂ ਦੀ ਗੱਲ ਹੈ। ਉਸ ਸਮੇਂ ਗੁਜਰਾਤ ਦੀ ਰਾਜਧਾਨੀ ਪੰਚਾਸਰ ਸੀ। ਉਥੋਂ ਦਾ ਰਾਜਾ ਸੀ ਜੈਸ਼ੇਖਰ।

ਜੈਸ਼ੇਖਰ ਇਕ ਹਰਮਨਪਿਆਰਾ ਰਾਜਾ ਸੀ। ਪ੍ਰਜਾ ਉਸ ਤੋਂ ਸਦਾ ਖੁਸ਼ ਰਹਿੰਦੀ ਸੀ। ਉਸਦੇ ਗੁਣਾਂ ਨੂੰ ਸਲਾਹੁੰਦੀ ਸੀ। ਰਾਜਾ ਵੀ ਪ੍ਰਜਾ ਦੀਆਂ ਸੁਖ-ਸਹੂਲਤਾਂ ਦਾ ਖੂਬ ਖਿਆਲ ਰੱਖਦਾ। ਹਰ ਸਮੇਂ ਉਸਦੇ ਭਲੇ ਦੀ ਹੀ ਸੋਚਦਾ। ਮਤਲਬ ਕਿ ਉਸ ਸਮੇਂ ਰਾਜਾ-ਪ੍ਰਜਾ ਦਾ ਆਪਸੀ ਸੰਬੰਧ ਬਹੁਤ ਵਧੀਆ ਸੀ।

ਨੇੜੇ ਹੀ ਇਕ ਗਵਾਂਢੀ ਰਾਜ ਸੀ- ਭੂਵੜ। ਉਥੋਂ ਦਾ ਰਾਜਾ ਜੈਸ਼ੇਖਰ ਦੀ ਲੋਕਪ੍ਰਿਯਤਾ ਤੋਂ ਸੜਦਾ ਹੀ ਨਹੀਂ ਸੀ ਬਲਕਿ ਪੰਚਾਸਰ ਦੀ ਸੁਖ-ਸੰਪੰਨਤਾ ਵੀ ਉਸ ਨੂੰ ਫੁੱਟੀ ਅੱਖ ਨਹੀਂ ਭਾਉਂਦੀ ਸੀ। ਉਸਦੀ ਨੀਯਤ ਵੀ ਠੀਕ ਨਹੀਂ ਸੀ। ਉਹ ਪੰਚਾਸਰ ਰਾਜ ਨੂੰ ਹੜੱਪਣ ਦਾ ਮੌਕਾ ਲੱਭਦਾ ਰਹਿੰਦਾ।

ਮੌਕਾ ਪਾ ਕੇ ਇਕ ਵਾਰ ਭੂਵੜ ਰਾਜ ਦੇ ਰਾਜਾ ਨੇ ਅਚਾਨਕ ਪੰਚਾਸਰ ਤੇ ਹਮਲਾ ਕਰ ਦਿਤਾ। ਜੈਸ਼ੇਖਰ ਨੂੰ ਸਥਿਤੀ ਸਮਝਣ ਵਿੱਚ ਦੇਰ ਨਹੀਂ ਲੱਗੀ। ਉਸਨੇ ਤੁਰੰਤ ਹਮਲੇ ਦਾ ਵਿਰੋਧ ਕੀਤਾ। ਦੋਹਾਂ ਵਿੱਚ ਡਟ ਕੇ ਲੜਾਈ ਹੋਈ। ਇਸ ਲੜਾਈ ਵਿੱਚ ਰਾਜਾ ਜੈਸ਼ੇਖਰ ਨੇ ਆਪਣੀ ਵੀਰਤਾ ਅਤੇ ਬਹਾਦਰੀ ਦਾ ਅਨੋਖਾ ਉਦਾਹਰਣ ਦਿਤਾ ਪਰ ਰੱਬ ਨੂੰ ਕੁਝ ਹੋਰ ਹੀ ਸਵੀਕਾਰ ਸੀ। ਉਹੀ ਹੋਇਆ। ਰਾਜਾ ਜੈਸ਼ੇਖਰ ਇਸ ਲੜਾਈ ਵਿੱਚ ਵੀਰਗਤੀ ਨੂੰ ਪ੍ਰਾਪਤ ਹੋਏ। ਇਹ ਖਬਰ ਇਕ ਸੈਨਿਕ ਨੇ ਤੁਰੰਤ ਮਹਿਲ ਵਿੱਚ ਜਾ ਕੇ ਰਾਣੀ ਨੂੰ ਦਿੱਤੀ, ''ਯੁੱਧ ਵਿੱਚ ਲੜਦੇ ਹੋਏ ਸਾਡੇ ਰਾਜਾ ਨੇ ਵੀਰਗਤੀ ਪ੍ਰਾਪਤ ਕੀਤੈ।''

ਖਬਰ ਸੁਣ ਕੇ ਰਾਣੀ ਰੂਪਸੁੰਦਰੀ ਜਰਾ ਵੀ ਵਿਚਲਿਤ ਨਹੀਂ ਹੋਈ। ਉਹ ਉਸ ਸਮੇਂ ਗਰਭਵਤੀ ਸੀ। ਇਸ ਲਈ ਉਸਨੇ ਤੁਰੰਤ ਮਹਿਲ ਛੱਡ ਦਿੱਤਾ ਅਤੇ ਜੰਗਲ ਵੱਲ ਤੁਰ ਪਈ। ਜੰਗਲ ਦੇ ਇਕ ਆਸ਼ਰਮ ਵਿੱਚ ਰਾਣੀ ਰੂਪਸੁੰਦਰੀ ਨੇ ਸ਼ਰਣ ਲਈ। ਉਥੇ ਉਸਨੇ ਇਕ ਤੇਜ਼ਸਵੀ ਅਤੇ ਸੁੰਦਰ ਪੁੱਤਰ ਨੂੰ ਜਨਮ ਦਿੱਤਾ। ਕਿਉਂਕਿ ਪੁੱਤਰ ਨੇ ਜੰਗਲ ਵਿੱਚ ਜਨਮ ਲਿਆ ਸੀ, ਇਸ ਲਈ ਉਸਦਾ ਨਾਮ ਰੱਖਿਆ- ਵਨਰਾਜ।

ਸ਼ੁਰੂ ਤੋਂ ਹੀ ਰਾਣੀ ਰੂਪਸੁੰਦਰੀ ਪੁੱਤਰ ਨੂੰ ਅਜਿਹੀ ਸਿਖਿਆ ਦੇਣ ਲੱਗੀ ਕਿ ਅਗੇ ਚਲ ਕੇ ਉਹ ਇਕ



ਮੈਂ ਪੂਰੀ ਕੋਸ਼ਿਸ਼ ਕਰ ਰਿਹਾ ਹਾਂ ਮਾਂ! ਮੈਨੂੰ ਆਤਮਵਿਸ਼ਵਾਸ਼ ਹੈ ਕਿ ਇਕ ਦਿਨ ਮੈਂ ਜਰੂਰ ਤੁਹਾਡੀ ਆਸ-ਮੁਰਾਦ ਨੂੰ ਪੂਰਾ ਕਰਾਂਗਾ।'' ਵਨਰਾਜ ਮਾਂ ਨੂੰ ਭਰੋਸਾ ਦਿੰਦਾ।

ਸਮਾਂ ਪਾ ਕੇ ਵਨਰਾਜ ਵੱਡਾ ਹੁੰਦਾ ਗਿਆ। ਰਾਣੀ ਰੂਪਸੁੰਦਰੀ ਨੇ ਉਸਨੂੰ ਪੰਚਾਸਰ ਦੀ ਅਧੀਨਤਾ ਦੀ ਪੂਰੀ ਕਹਾਣੀ ਸੁਣਾਈ। ਕਹਾਣੀ ਸੁਣ ਕੇ ਵਨਰਾਜ ਨੇ ਜੰਗਲ ਦੇ ਭੀਲਾਂ ਅਤੇ ਪੰਚਾਸਰ ਦੇ ਦੇਸ਼ ਪ੍ਰੇਮੀ ਨੌਜਵਾਨਾਂ ਨੂੰ ਇੱਕਠਾ ਕੀਤਾ। ਜਲਦੀ ਹੀ ਉਸਨੇ ਇਕ ਸੈਨਿਕ ਦਲ ਤਿਆਰ ਕਰ ਲਿਆ। ਫਿਰ ਮੌਕਾ ਪਾ ਕੇ ਵਨਰਾਜ ਨੇ ਭੂਵੜ ਰਾਜ ਤੇ ਅਚਾਨਕ ਚੜ੍ਹਾਈ ਕਰ ਦਿੱਤੀ।

ਘਮਾਸਾਨ ਯੁੱਧ ਹੋਇਆ। ਵਨਰਾਜ ਨੇ ਵੀਰਤਾ ਅਤੇ ਸਾਹਸ ਦਾ ਅਜਿਹਾ ਹੌਸਲਾ ਵਿਖਾਇਆ ਕਿ ਭੂਵੜ ਸੈਨਿਕਾਂ ਦੇ ਛੱਕੇ ਛੁੱਟ ਗਏ। ਭੂਵੜ ਦਾ ਰਾਜਾ ਹਾਰ ਗਿਆ। ਉਸ ਦਾ ਰਾਜਪਰਿਵਾਰ ਬੰਦੀ ਬਣਾ ਕੇ ਵਨਰਾਜ ਦੇ ਸਾਹਮਣੇ ਲਿਆਂਦਾ ਗਿਆ।

ਸਫਲ ਰਾਜਾ ਸਿੱਧ ਹੋ ਸਕੇ।ਇਸ ਲਈ ਉਸ ਨੇ ਕੇਵਲ ਵੀਰਾਂ ਦੀਆਂ ਕਹਾਣੀਆਂ ਹੀ ਨਹੀਂ ਸੁਣਾਈਆਂ ਬਲਕਿ ਅਸਤਰ-ਸ਼ਸ਼ਤਰ ਦੀ ਸਿਖਿਆ ਵੀ ਦਿੱਤੀ। ਵੀਰਤਾਪੂਰਣ ਕਾਰਜਾਂ ਦੇ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਵੀ ਕਰਦੀ ਰਹੀ।

ਅਕਸਰ ਉਹ ਉਹਨੂੰ ਯਾਦ ਦਿਵਾਉਂਦੀ ਕਿ ਤੂੰ ਆਪਣੇ ਆਪ ਨੂੰ ਅਜਿਹਾ ਬਣਾਉਣਾ ਹੈ ਕਿ ਪਿਤਾ ਦਾ ਖੁੱਸਿਆ ਹੋਇਆ ਰਾਜ ਵਾਪਸ ਲੈ ਸਕੇ। ਉਹਨਾਂ ਤੋਂ ਜ਼ਿਆਦਾ ਲੋਕਪ੍ਰਿਯ ਰਾਜਾ ਬਣ ਕੇ ਵਿਖਾ। ਪਿਤਾ ਦੇ ਨਾਮ ਨੂੰ ਰੋਸ਼ਨ ਕਰ।





ਵਨਰਾਜ ਨੇ ਭੂਵੜ ਦੇ ਰਾਜਾ ਤੋਂ ਪੁੱਛਿਆ, ''ਆਪ ਨੇ ਬਿਨਾ ਕਾਰਨ ਪੰਚਾਸਰ ਤੇ ਚੜ੍ਹਾਈ ਕਰਕੇ ਜੋ ਅਪਰਾਧ ਕੀਤਾ ਸੀ ਅਤੇ ਜਿਸ ਦੀ ਵਜ੍ਹਾ ਨਾਲ ਰਾਜਪਰਿਵਾਰ ਨੂੰ ਬੁਰੇ ਦਿਨ ਵੇਖਣੇ ਪਏ, ਕੀ ਅੱਜ ਆਪ ਦੇ ਪਰਿਵਾਰ ਨਾਲ ਉਹੋ ਜਿਹਾ ਹੀ ਵਿਵਹਾਰ ਕਰਨਾ ਠੀਕ ਹੋਏਗਾ?''

ਭੁਵੜ ਦੇ ਰਾਜਾ ਦਾ ਸਿਰ ਸ਼ਰਮ ਨਾਲ ਝੁਕ ਗਿਆ। ਉਹਨੂੰ ਕੋਈ ਜਵਾਬ ਨਹੀਂ ਸੁਝਿਆ। ਇਸੇ ਦੌਰਾਨ ਰਾਣੀ ਰੂਪਸੁੰਦਰੀ ਉਥੇ ਆ ਕੇ ਵਨਰਾਜ ਨੂੰ ਬੋਲੀ, ''ਬੇਟਾ ਮੈਂ ਨਹੀਂ ਚਾਹੁੰਦੀ ਕਿ ਜੋ ਬੁਰੇ ਦਿਨ ਮੈਨੂੰ ਵੇਖਣੇ ਪਏ ਗੁਲਾਮੀ ਦੇ ਦਿਨਾਂ ਵਿੱਚ, ਉਹ ਕਿਸੇ ਵੀ ਰਾਜਪਰਿਵਾਰ ਦੀਆਂ ਇਸਤਰੀਆਂ-ਬੱਚਿਆਂ ਨੂੰ ਵੇਖਣੇ ਪੈਣ। ਇਹ ਵੈਸੇ ਵੀ ਸਾਡੀ ਸੰਸਕ੍ਰਿਤੀ ਦੇ ਵਿਰੁੱਧ ਹੈ - ਖੱਤਰੀ ਧਰਮ ਦੇ ਵਿਰੁੱਧ ਹੈ। ਇਸ ਲਈ ਇਹਨਾਂ ਨੂੰ ਆਦਰ ਸਤਿਕਾਰ ਨਾਲ ਛੱਡ ਦਿੱਤਾ ਜਾਵੇ।''

''ਬਹੁਤ ਖੂਬ।'' ਵਨਰਾਜ ਹੱਸਿਆ, ''ਮਾਂ, ਤੁਸੀਂ ਬਹੁਤ ਦਿਆਲੂ ਹੋ। ਦੁਸ਼ਮਣ ਨਾਲ ਤੁਹਾਡਾ ਅਜਿਹਾ ਵਿਵਹਾਰ ਇਕ ਆਦਰਸ਼ ਹੀ ਤਾਂ ਹੈ। ਮੈਂ ਤੁਹਾਡੀਆਂ ਗੱਲਾਂ ਦਾ ਸੌ ਪ੍ਰਤੀਸ਼ਤ ਪਾਲਣ ਕਰਾਂਗਾ।''

ਉਸੇ ਪਲ ਬੰਦੀ ਰਾਜਪਰਿਵਾਰ ਨੂੰ ਸਨਮਾਨ ਸਹਿਤ ਛੱਡ ਦਿਤਾ ਗਿਆ। ਉਸ ਤੋਂ ਬਾਦ ਰਾਣੀ ਰੂਪਸੁੰਦਰੀ ਨੇ ਵਨਰਾਜ ਨੂੰ ਕਿਹਾ, ''ਬੇਟਾ, ਤੂੰ ਇਕ ਕੰਮ ਹੋਰ ਕਰਨਾ ਹੈ।''

''ਕਹੋ ਮਾਂ।''

''ਜਿਸ ਆਸ਼ਰਮ ਵਿੱਚ ਅਸੀਂ ਪਿਛਲੇ ਕਈ ਸਾਲ ਗੁਜਾਰੇ, ਉਹਨਾਂ ਆਸ਼ਰਮਵਾਸੀਆਂ ਦੇ ਪ੍ਰਤੀ ਵੀ ਸਾਡੇ ਕੁਝ ਫਰਜ਼ ਹਨ। ਉਹਨਾਂ ਦੇ ਉਪਕਾਰਾਂ ਨੂੰ ਕਦੇ ਨਹੀਂ ਭੁਲਣਾ ਚਾਹੀਦਾ।''

''ਬਿਲਕੁਲ ਨਹੀਂ'' ਵਨਰਾਜ ਬੋਲਿਆ।'' ਅੱਜ ਹੀ ਮੈਂ ਉਹਨਾਂ ਆਸ਼ਰਮਵਾਸੀਆਂ ਨੂੰ ਉਚਿਤ ਰਾਜ-ਸਨਮਾਨ ਦੇ ਕੇ ਉਹਨਾਂ ਦੇ ਪ੍ਰਤੀ ਧੰਨਵਾਦ ਪ੍ਰਗਟ ਕਰਾਂਗਾ। ਉਹਨਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵੱਲ ਵੀ ਧਿਆਨ ਦੇਵਾਂਗਾ।''

''ਤੇਰੇ ਤੋਂ ਇਹੀ ਉਮੀਦ ਸੀ ਬੇਟਾ।''- ਰਾਣੀ ਰੂਪਸੁੰਦਰੀ ਖੁਸ਼ ਹੋ ਕੇ ਵਨਰਾਜ ਨੂੰ ਬੋਲੀ।

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

(1) ਭਗਵਾਨ ਸ਼੍ਰੀਰਾਮ (2) ਭੀਮ
(3) ਸਿੱਕਿਮ (4) ਮਲਯਾਲਮ
(5) ਏ.ਪੀ.ਜੇ ਅਬਦੁਲ ਕਲਾਮ (6) ਗੌਤਮ ਰਿਸ਼ੀ
(7) ਅਸਮ (8) ਰੋਮ (9) ਸਰਵਨਾਮ
(10) ਵੰਦੇਮਾਤਰਮ (11) ਉਸਮਿਯਮ
(12) ਪਰਸ਼ੂਰਾਮ (13) ਜਿਹਲਮ
(14) ਹੇ ਰਾਮ (15) ਉਮ ਸ਼ਬਦ ਤੋਂ

# ਕੀ ਤੁਸੀਂ ਜਾਣਦੇ ਹੋ





- ਮਾਨਵ ਸਰੀਰ ਦਾ ਕੰਕਾਲ 206 ਹੱਡੀਆਂ ਦਾ ਬਣਿਆ ਹੁੰਦਾ ਹੈ।
- ਮਾਨਵ ਸਰੀਰ ਦੀ ਸਭ ਤੋਂ ਛੋਟੀ ਹੱਡੀ ਕੰਨ ਵਿੱਚ ਹੁੰਦੀ ਹੈ।
- ਮਾਨਵ ਦੇ ਸਰੀਰ ਵਿੱਚ ਲਗਭਗ 60 ਖਰਬ ਕੋਸ਼ਿਕਾਵਾਂ ਹੁੰਦੀਆਂ ਹਨ।
- ਦੁਨੀਆ ਵਿੱਚ ਸਭ ਤੋਂ ਛੋਟਾ ਨਾਂ ਸਵੀਡਨ ਦੇਸ਼ ਦੇ ਸ਼ਹਿਰ 'ਏ' (A) ਦਾ ਹੈ।
- ਨੇਪਾਲ ਇਕ ਅਜਿਹਾ ਦੇਸ਼ ਹੈ ਜੋ ਕਦੇ ਗੁਲਾਮ ਨਹੀਂ ਹੋਇਆ।
- ਨੀਲ ਨਦੀ ਦਾ ਪਾਣੀ ਗਰਮ ਹੁੰਦਾ ਹੈ।
- ਕੇਵਲ ਨਾਗਰਾਜ ਸੱਪ ਹੀ ਆਪਣੀ ਖੁੱਡ ਬਣਾਉਂਦਾ ਹੈ, ਹੋਰ ਕੋਈ ਸੱਪ ਆਪਣੀ ਖੁੱਡ ਨਹੀਂ ਬਣਾਉਂਦਾ।
- ਦੱਖਣੀ ਆਸਟ੍ਰੇਲੀਆ ਵਿੱਚ ਆਇਰਸ ਟਾਕ ਨਾਮਕ ਪਹਾੜੀ ਰੋਜ ਆਪਣਾ ਰੰਗ ਬਦਲਦੀ ਹੈ।
- ਸਾਇਬੇਰੀਆ ਦੀ ਬੈਕਾਲ ਝੀਲ ਵਿਸ਼ਵ ਦੀ ਸਭ ਤੋਂ ਗਹਿਰੀ ਝੀਲ ਹੈ।
- ਵਿਸ਼ਵ ਦੀ ਸਭ ਤੋਂ ਜਹਿਰੀਲੀ ਛਿਪਕਲੀ ਹਿਲੋਡਰਮਾ ਹੈ।
- ਵਿਸ਼ਵ ਦਾ ਸਭ ਤੋਂ ਜਹਿਰੀਲਾ ਸੱਪ ਸਮੁੰਦਰੀ ਸੱਪ (ਹਾਈਡ੍ਰੋਫਿਸ਼) ਹੈ।
- ਵਿਸ਼ਵ ਦਾ ਸਭ ਤੋਂ ਲੰਮਾ ਰੇਲ ਮਾਰਗ ਟ੍ਰਾਂਸ ਸਾਇਬੇਰੀਅਨ ਰੇਲ ਮਾਰਗ ਹੈ ਜੋ ਲੇਨਿਨਗ੍ਰਾਡ ਤੋਂ ਬਲਾਡੀਵੋਸਟਕ ਤਕ ਹੈ।
- ਮਾਨਵ ਦੇ ਪੈਰਾਂ ਵਿੱਚ 30 ਹੱਡੀਆਂ ਹੁੰਦੀਆਂ ਹਨ।
- ਮਾਨਵ ਸਰੀਰ ਵਿੱਚ ਮਾਸਪੇਸ਼ੀਆਂ ਦੀ ਗਿਣਤੀ 639 ਹੁੰਦੀ ਹੈ।
- ਮਾਨਵ ਸਰੀਰ ਵਿੱਚ ਸਭ ਤੋਂ ਲੰਮੀ ਮਾਸਪੇਸ਼ੀ ਗਲੂਟਿਅਸ ਮੈਕਸੀਮਸ, ਕੂਲਹਾ (Hips) ਹੈ।
- 1984 ਵਿਚ ਭੋਪਾਲ ਗੈਸ ਤ੍ਰਾਸਦੀ ਮਿਥਾਇਲ ਆਇਸੋਸਾਇਨੇਟ ਦੇ ਰਿਸਾਵ ਨਾਲ ਹੋਈ ਸੀ।
- ਸਵਰਾਜ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਮਹਾਰਿਸ਼ੀ ਦਯਾਨੰਦ ਨੇ ਕੀਤਾ।
- ਟੋਡਰਮਲ ਦਾ ਸੰਬੰਧ ਭੂ-ਰਾਜਸਵ ਵਿਵਸਥਾ ਨਾਲ ਸੀ।
- ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਲਾਹੌਰ ਸੀ।
- ਪੋਲੀਉ ਦੇ ਟੀਕੇ ਦੀ ਖੋਜ ਜੋਨਾਸ ਸਾਲਕ ਨੇ ਕੀਤੀ ਸੀ।

ਸੰਗ੍ਰਹਿਕਰਤਾ - ਵਿਭਾ ਵਰਮਾ



❑ ਅਨੀਤਾ ਜਨੈ

# ਅਨੋਖਾ ਨਿਆਂ

ਬਹੁਤ ਪਹਿਲਾਂ ਸਾਡੇ ਦੇਸ਼ ਦੀ ਜੂਨਾਗੜ ਰਿਆਸਤ ਵਿਚ ਇਕ ਬੁੱਧੀਮਾਨ ਅਤੇ ਨਿਆਂ ਪਸੰਦ ਰਾਜਾ ਰਾਜ ਕਰਦਾ ਸੀ। ਰਾਜਾ ਯਸ਼ਦੇਵ ਆਪਣੇ ਅਨੋਖੇ ਨਿਆਂ ਲਈ ਦੂਰ-ਦੂਰ ਤਕ ਪ੍ਰਸਿੱਧ ਸੀ। ਉਸ ਦੀ ਨਿਆਂ ਦੀ ਪ੍ਰਣਾਲੀ ਕਰਕੇ ਉਸ ਦੀ ਪੂਰੀ ਰਿਆਸਤ ਸੁਖੀ ਸੀ।

ਇਸੇ ਰਿਆਸਤ ਵਿਚ ਇਕ ਤੇਲੀ ਰਹਿੰਦਾ ਸੀ। ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਸੀ। ਉਹ ਦਿਨ ਰਾਤ ਮਿਹਨਤ ਕਰਦਾ ਸੀ। ਅਪਣੀ ਆਮਦਨੀ ਵਿਚੋਂ ਥੋੜੀ-ਥੋੜੀ ਬਚਤ ਕਰ ਕੇ ਉਸ ਨੇ ਚਾਂਦੀ ਦੇ ਸਿੱਕੇ ਜਮਾ ਕਰ ਲਏ। ਇਕ ਵਾਰ ਤੇਲੀ ਨੂੰ ਜ਼ਰੂਰੀ ਕੰਮ ਲਈ ਘਰ ਤੋਂ ਬਾਹਰ ਜਾਣਾ ਪਿਆ। ਉਸ ਦੇ ਘਰ ਵਿਚ ਹੋਰ ਕੋਈ ਨਹੀਂ ਸੀ। ਚਾਂਦੀ ਦੇ ਸਿਕਿਆਂ ਨੂੰ ਘਰ ਛਡ ਕੇ ਜਾਣਾ ਉਸ ਨੇ ਠੀਕ ਨਹੀਂ ਸਮਝਿਆ। ਆਖਿਰ ਬਹੁਤ ਸੋਚ ਵਿਚਾਰ ਤੋਂ ਬਾਅਦ ਉਸ ਨੇ ਆਪਣੇ ਦੋਸਤ ਕਰੋੜੀਮਲ ਦੇ ਘਰ ਉਹਨਾਂ ਸਿਕਿਆਂ ਨੂੰ ਰੱਖਣ ਬਾਰੇ ਸੋਚਿਆ।

ਕਰੋੜੀਮਲ ਦੇ ਕੋਲ ਉਹ ਚਾਂਦੀ ਦੇ

ਸਿਕਿਆਂ ਨਾਲ ਭਰੀ ਥੈਲੀ ਰੱਖ ਕੇ ਆਪਣੇ ਕੰਮ ਤੇ ਚਲਾ ਗਿਆ।



ਆਪਣਾ ਕੰਮ ਪੂਰਾ ਕਰਕੇ ਇਕ ਹਫਤੇ ਬਾਅਦ ਤੇਲੀ ਵਾਪਸ ਆ ਗਿਆ। ਅਗਲੇ ਦਿਨ ਉਹ ਆਪਣੇ ਚਾਂਦੀ ਦੇ ਸਿਕਿਆਂ ਦੀ ਥੈਲੀ ਲੈਣ ਲਈ ਸੇਠ ਕਰੋੜੀਮਲ ਦੇ ਕੋਲ ਪਹੁੰਚ ਗਿਆ। ਚਾਂਦੀ ਦੇ ਸਿਕਿਆਂ ਨੂੰ ਵੇਖ ਕੇ ਕਰੋੜੀਮਲ ਦੀ ਨੀਅਤ ਵਿਚ ਫਰਕ ਆ ਗਿਆ ਸੀ। ਉਸ ਨੇ ਸੋਚਿਆ ਕਿ ਤੇਲੀ ਨੇ ਜਦ ਮੈਨੂੰ ਥੈਲੀ ਦਿੱਤੀ ਸੀ ਕਿਸੇ ਨੇ ਨਹੀਂ ਵੇਖਿਆ। ਨਾ ਹੀ ਤੇਲੀ ਕੋਲ ਕੋਈ ਸਬੂਤ ਹੈ ਜਿਸ ਨਾਲ ਇਹ ਸਾਬਿਤ ਹੋਵੇ ਕਿ ਉਸ ਨੇ ਮੈਨੂੰ ਥੈਲੀ ਦਿੱਤੀ ਸੀ। ਤੇਲੀ ਜਦ ਕਰੋੜੀਮਲ ਦੇ ਕੋਲ ਗਿਆ ਤਾਂ ਸੇਠ ਨੇ ਉਸ ਦੀ ਬਹੁਤ ਸੇਵਾ ਕੀਤੀ। ਇਧਰ-ਉਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਤੇਲੀ ਨੇ ਆਪਣੀ ਥੈਲੀ ਵਾਪਸ ਮੰਗੀ। ਇਹ ਸੁਣ ਕੇ ਕਰੋੜੀਮਲ ਨੇ ਆਪਣੇ ਤੇਵਰ ਬਦਲਦੇ ਹੋਏ ਕਿਹਾ – ਕਿਹੜੀ ਥੈਲੀ? ਤੂੰ ਕਦੋਂ ਦਿੱਤੀ ਸੀ ਮੈਨੂੰ ਥੈਲੀ? ਕੋਈ ਸਬੂਤ ਹੈ ਤੇਰੇ ਕੋਲ?

ਤੇਲੀ ਬਹੁਤ ਹੈਰਾਨ ਅਤੇ ਪਰੇਸ਼ਾਨ ਹੋ ਗਿਆ। ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਦੇ ਹੋਏ ਕਰੋੜੀਮਲ ਨੇ ਕਿਹਾ – ਭਰਾ ! ਤੂੰ ਮੇਰਾ ਬਚਪਨ ਦਾ ਦੋਸਤ ਹੈ, ਮੈਂ ਇਕ ਗਰੀਬ ਆਦਮੀ ਹਾਂ। ਮੇਰੀ ਥੈਲੀ ਵਾਪਸ ਕਰ ਦੇ ਤੇਰੇ ਕੋਲ ਵੈਸੇ ਵੀ ਪੈਸੇ ਦੀ ਕੋਈ ਕਮੀ ਨਹੀਂ ਹੈ। ਮੇਰੇ ਥੋੜੇ ਸਿਕਿਆਂ ਨਾਲ ਤੂੰ ਹੋਰ ਜ਼ਿਆਦਾ ਧਨਵਾਨ ਨਹੀਂ ਬਣ ਜਾਵੇਗਾ।

ਤੇਲੀ ਦੀਆਂ ਗੱਲਾਂ ਦਾ ਕਰੋੜੀਮਲ ਤੇ ਕੋਈ ਅਸਰ ਨਾ ਹੋਇਆ। ਉਸ ਨੇ ਤੇਲੀ ਉਤੇ ਗੁੱਸਾ ਕਰਦੇ ਹੋਏ ਕਿਹਾ – ਤੈਨੂੰ ਸਮਝ ਨਹੀਂ ਆਉਂਦੀ ਕਿ ਮੇਰੇ ਕੋਲ ਕੋਈ ਥੈਲੀ ਨਹੀਂ ਹੈ। ਹੁਣ ਤੂੰ ਆਪਣੇ ਆਪ ਜਾਏਂਗਾ ਜਾਂ ਮੈਂ ਤੈਨੂੰ ਧੱਕੇ ਦੇ ਕੇ ਨਿਕਲਵਾ ਦੇਵਾਂ?

ਤੇਲੀ ਸਿਰ ਨੀਵਾਂ ਕਰ ਕੇ ਉਥੋਂ ਚਲਾ ਗਿਆ। ਉਸ ਨੇ ਤੈਅ ਕੀਤਾ ਕਿ ਉਹ ਰਾਜਾ ਦੇ ਦਰਬਾਰ ਜਾ ਕੇ ਇਨਸਾਫ ਦੀ ਮੰਗ ਕਰੇਗਾ।

ਅਗਲੇ ਦਿਨ ਤੇਲੀ ਨੇ ਰਾਜਦਰਬਾਰ ਜਾ ਕੇ ਸਾਰੀ ਗੱਲ ਰਾਜਾ ਯਸ਼ਦੇਵ ਨੂੰ ਸੁਣਾਈ। ਰਾਜਾ ਨੇ ਪੂਰੇ ਧਿਆਨ ਨਾਲ ਉਸ ਦੀ ਗੱਲ ਸੁਣੀ, ਫਿਰ ਸੇਠ ਕਰੋੜੀਮਲ ਨੂੰ ਦਰਬਾਰ ਵਿਚ ਬੁਲਾਇਆ।

ਸੇਠ ਨੂੰ ਪੁੱਛਿਆ – ਕੀ ਤੇਲੀ ਸੱਚ ਕਹਿ ਰਿਹਾ ਹੈ?

ਸੇਠ ਨੇ ਕਿਹਾ – ਨਹੀਂ ਤੇਲੀ ਝੂਠ ਬੋਲ ਰਿਹਾ ਹੈ। ਇਸ ਨੇ ਕੋਈ ਥੈਲੀ ਮੈਨੂੰ ਨਹੀਂ ਦਿੱਤੀ। ਰਾਜਾ ਵੀ ਦੁਬਿਧਾ ਵਿਚ ਪੈ ਗਿਆ । ਕੁਝ ਦਰਬਾਰੀ ਕਰੋੜੀਮਲ ਨੂੰ ਸੱਚਾ ਮੰਨ ਰਹੇ ਸਨ, ਕੁਝ ਤੇਲੀ ਨੂੰ ਸੱਚਾ ਮੰਨ ਰਹੇ ਸਨ।




ਰਾਜਾ ਨੇ ਕੁਝ ਸੋਚ ਕੇ ਸੇਠ ਕਰੋੜੀਮਲ ਦੀ ਤਿਜੋਰੀ ਦੀ ਤਲਾਸ਼ੀ ਦਾ ਹੁਕਮ ਦਿੱਤਾ। ਤਿਜੋਰੀ ਵਿਚੋਂ ਕਈ ਥੈਲੀਆਂ ਮਿਲੀਆਂ ਉਹਨਾਂ ਵਿਚੋਂ ਆਪਣੀ ਥੈਲੀ ਲੱਭਣ ਲਈ ਰਾਜਾ ਨੇ ਤੇਲੀ ਨੂੰ ਕਿਹਾ । ਤੇਲੀ ਨੇ ਆਪਣੀ ਥੈਲੀ ਲੱਭ ਕੇ ਰਾਜਾ ਨੂੰ ਦੇ ਦਿੱਤੀ। ਇਹ ਵੇਖ ਕੇ ਕਰੋੜੀਮਲ ਨੇ ਕਿਹਾ – ਰਾਜਾ ! ਇਹ ਝੂਠ ਬੋਲ ਰਿਹਾ ਹੈ। ਇਹ ਥੈਲੀ ਮੇਰੀ ਹੈ।

ਰਾਜਾ ਨੇ ਸਾਫ ਬਰਤਨ ਵਿਚ ਪਾਣੀ ਮੰਗਵਾਇਆ। ਪਾਣੀ ਆ ਜਾਣ ਤੇ ਰਾਜਾ ਨੇ ਉਸ ਥੈਲੀ ਦੇ ਸਾਰੇ ਸਿੱਕੇ ਪਾਣੀ ਵਿਚ ਪਾ ਦਿੱਤੇ। ਕੁਝ ਸਮੇਂ ਬਾਅਦ ਸਿੱਕੇ ਪਾਣੀ ਵਿਚ ਬੈਠ ਗਏ ਅਤੇ ਪਾਣੀ ਉਤੇ ਤੇਲ ਦੀਆਂ ਬੂੰਦਾਂ ਤੈਰ ਕੇ ਆ ਗਈਆਂ। ਰਾਜਾ ਨੇ ਫੈਸਲਾ ਸੁਣਾ ਦਿੱਤਾ। ਉਸ ਨੇ ਕਰੋੜੀਮਲ ਨੂੰ ਜੇਲ ਦੀ ਸਜ਼ਾ ਸੁਣਾ ਦਿੱਤੀ ਅਤੇ ਤੇਲੀ ਨੂੰ ਚਾਂਦੀ ਦੇ ਸਿੱਕੇ ਥੈਲੀ ਵਿਚ ਭਰ ਕੇ ਵਾਪਸ ਭੇਜ ਦਿੱਤਾ। ਰਾਜਾ ਦੇ ਇਸ ਫੈਸਲੇ ਨੂੰ ਸੁਣ ਕੇ ਦਰਬਾਰੀ ਹੈਰਾਨ ਹੋ ਗਏ, ਤਦ ਰਾਜਾ ਨੇ ਕਿਹਾ – ਇਸ ਵਿਚ ਹੈਰਾਨੀ ਦੀ ਕੀ ਗੱਲ ਹੈ? ਤੇਲੀ ਦੇ ਸਿੱਕੇ ਸਨ ਇਸ ਲਈ ਉਹਨਾਂ ਉਪਰ ਲਗਿਆ ਤੇਲ ਪਾਣੀ ਉਤੇ ਆ ਗਿਆ। ਜੇਕਰ ਇਹ ਸਿੱਕੇ ਕਰੋੜੀਮਲ ਦੇ ਹੁੰਦੇ ਤਾਂ ਉਹਨਾਂ ਉਤੇ ਤੇਲ ਨਾ ਲੱਗਾ ਹੁੰਦਾ। ਰਾਜਾ ਨੇ ਪਾਣੀ ਦਾ ਬਰਤਨ ਮੰਗਵਾਇਆ ਉਸ ਵਿਚ ਸੇਠ ਦੀ ਦੂਸਰੀ ਥੈਲੀ ਦੇ ਸਿੱਕੇ ਪਾਏ ਪਰ ਇਸ ਵਾਰ ਤੇਲ ਉਪਰ ਨਾ ਆਇਆ।



❑ ਬਲਵਿੰਦਰ ਸਿੰਘ ਮਕੜੌਨਾ

# ਪਿਆਰਾ ਮੁੰਨਾ



ਮੁੰਨਾ ਸਾਡਾ ਬੜਾ ਪਿਆਰਾ,
ਚੁੱਕੀ ਫਿਰਦਾ ਇਕ ਗਿਣਤਾਰਾ।

ਇਕ ਦੋ ਤਿੰਨ ਚਾਰ ਹੈ ਕਹਿੰਦਾ,
ਅੱਗੇ ਕੀ ਹੈ ਪੁੱਛਦਾ ਰਹਿੰਦਾ।

ਦੱਸੀਏ ਜਦੋਂ ਪੰਜ, ਛੇ, ਸੱਤ,
ਹੱਸ ਕੇ ਕਹਿੰਦਾ ਅੱਠ, ਨੌਂ, ਦਸ।

ਗਿਣਤਾਰਾ ਘੁੰਮਾਈ ਜਾਵੇ,
ਗਿਣਤੀ ਵੀ ਦੁਹਰਾਈ ਜਾਵੇ।

ਦੋ ਤੇ ਦੋ ਹੁੰਦੇ ਚਾਰ,
ਆਖੇ ਆ ਕੇ ਵਾਰ-ਵਾਰ।

ਦਸ ਤੇ ਦਸ ਹੁੰਦੇ ਨੇ ਕੀ?
ਦੱਸਿਓ ਨਾ ਕੋਈ ਹੁੰਦੇ ਵੀਹ।

ਛੋਟੇ-ਛੋਟੇ ਕਰਦੈ ਜੋੜ,
ਪਹਾੜੇ ਵੀ ਲੈਂਦਾ ਹੈ ਬੋਲ।

ਆਪੇ ਮਾਸਟਰ ਆਪੇ ਬੱਚਾ,
ਉਂਝ ਬੜਾ ਹੈ ਮਨ ਦਾ ਸੱਚਾ।

ਆਖੇ ਵੱਡਾ ਹੋ ਮਾਸਟਰ ਬਣਨਾ,
ਐਪਰ ਹੁਣ ਤਾਂ ਪੂਰਾ ਪੜ੍ਹਨਾ।

ਫੜ ਕੇ ਰੱਖੋ ਹੁਣ ਗਿਣਤਾਰਾ
ਕੱਲ ਪੜ੍ਹੇਗਾ ਮੁੰਨਾ ਪਿਆਰਾ।



❑ ਕੈਲਾਸ਼ ਜੈਨ ਐਡਵੋਕੇਟ

# ਸੁਰੀਲੀ ਆਵਾਜ਼ ਦੀ ਧਨੀ : ਮੈਨਾ

ਮੈਨਾ ਜੰਗਲਾਂ, ਪਹਾੜਾਂ, ਪਿੰਡਾਂ, ਸ਼ਹਿਰਾਂ, ਰੇਗਿਸਤਾਨਾਂ ਆਦਿ ਸਾਰੀਆਂ ਥਾਵਾਂ ਤੇ ਆਸਾਨੀ ਨਾਲ ਰਹਿ ਲੈਂਦੀ ਹੈ।

**ਮੈਨਾ** ਮੂਲ ਰੂਪ ਨਾਲ 'ਸਟਰਨਿਡਾ' ਘਰਾਣੇ ਨਾਲ ਸੰਬੰਧਿਤ ਹੈ। ਸੰਸਾਰ ਵਿੱਚ ਮੈਨਾ ਦੀਆਂ ਤਕਰੀਬਨ ਵੀਹ ਵੱਖ-2 ਪਰਜਾਤੀਆਂ ਮਿਲਦੀਆਂ ਹਨ। ਸਾਡੇ ਦੇਸ਼ ਵਿੱਚ ਉੱਤਰੀ ਕਸ਼ਮੀਰ ਦੇ ਜ਼ਿਆਦਾ ਠੰਡੇ ਇਲਾਕੇ ਨੂੰ ਛੱਡ ਕੇ ਪੂਰੇ ਦੇਸ਼ ਵਿੱਚ ਮੈਨਾਵਾਂ ਦਾ ਬਸੇਰਾ ਹੈ। ਆਮ ਮੈਨਾ ਦੇ ਨਾਲ ਹੀ ਇਹਨਾਂ ਦੀਆਂ ਪੰਜ ਛੇ ਹੋਰ ਕਿਸਮਾਂ ਭਾਰਤ ਵਿੱਚ ਮਿਲਦੀਆਂ ਹਨ। ਬਹੁਤ ਪੁਰਾਣੇ ਸਮੇਂ ਤੋਂ ਹੀ ਮੈਨਾ ਅਤੇ ਆਦਮੀ ਦੀ ਬਹੁਤ ਚੰਗੀ ਦੋਸਤੀ ਰਹੀ ਹੈ। ਸਾਮੰਤੀ ਯੁਗ ਵਿੱਚ ਤਾਂ ਤਕਰੀਬਨ ਹਰ ਰਾਜਮਹਿਲ ਵਿੱਚ ਇਸਦੀ ਖਾਸ ਥਾਂ ਰਹਿੰਦੀ ਸੀ। ਉਥੇ ਇਹਨਾਂ ਨੂੰ ਸੁਰ ਵਿੱਚ ਗਾਉਣ ਅਤੇ ਮਧੁਰ ਵਾਰਤਾਲਾਪ ਦੀ ਸਿਖਿਆ ਦਿੱਤੀ ਜਾਂਦੀ ਸੀ। ਸ਼ਾਇਦ ਐਨੇ ਸਮੇਂ ਤਕ ਆਦਮੀ ਨਾਲ ਰਹਿ ਕੇ ਮੈਨਾ ਨੂੰ ਵੀ ਮਨੁੱਖ ਜਾਤੀ ਨਾਲ ਲਗਾਵ ਜਿਹਾ ਹੋ ਗਿਆ ਹੈ। ਇਹ ਅੱਜ ਵੀ ਮਾਨਵ-ਰਿਹਾਇਸ਼ ਦੇ ਕੋਲ ਰਹਿਣਾ ਪਸੰਦ ਕਰਦੀ ਹੈ। ਅਕਸਰ ਇਹ ਬਾਗ-ਬਗੀਚੇ ਵਿੱਚ ਟਹਿਕਦੀ-ਚਹਿਕਦੀ ਨਜ਼ਰ ਆਉਂਦੀ ਹੈ। ਵੈਸੇ

ਆਮ ਘਰੇਲੂ ਮੈਨਾ ਰੰਗਰੂਪ ਅਤੇ ਸਰੀਰਕ ਬਣਤਰ ਦੇ ਨਜ਼ਰੀਏ ਤੋਂ ਇਕ ਖੂਬਸੂਰਤ ਪੰਛੀ ਮੰਨੀ ਜਾਂਦੀ ਹੈ। ਇਸਦੀ ਲੰਬਾਈ ਪੂਛ ਸਹਿਤ ਨੌਂ ਇੰਚ ਦੇ ਲਗਭਗ ਹੁੰਦੀ ਹੈ। ਇਸਦੇ ਜਿਸਮ ਦੀ ਰੰਗਤ ਗਹਿਰੀ ਭੂਰੀ ਹੁੰਦੀ ਹੈ। ਚੁੰਝ ਅਤੇ ਪੈਰਾਂ ਦਾ ਰੰਗ ਹਲਕੇ ਪੀਲੇਪਨ ਵਿੱਚ ਹੁੰਦਾ ਹੈ। ਅੱਖਾਂ ਦੇ ਪਿਛੋਕੜ ਵਿੱਚ ਚਮਕੀਲੇ ਪੀਲੇ ਰੰਗ ਦੀ ਤਿਕੋਨੀ ਪੱਟੀ ਬਣੀ ਹੁੰਦੀ ਹੈ ਅਤੇ ਇਸਦਾ ਸਿਰ, ਗਰਦਨ ਅਤੇ ਸੀਨਾ ਛੋਟੇ-2 ਗਹਿਰੇ ਕਾਲੇ ਖੰਭਾਂ ਨਾਲ ਢੱਕਿਆ ਹੁੰਦਾ ਹੈ। ਪੂਛ ਦੇ ਆਖਰੀ ਸਿਰੇ ਦੇ ਖੰਭ ਹਲਕੇ ਕਾਲੇ ਰੰਗ ਦੇ ਬਣੇ ਹੁੰਦੇ ਹਨ।

ਆਮ ਮੈਨਾ ਦੇ ਇਲਾਵਾ ਇਸ ਦੀਆਂ ਹੋਰ ਪ੍ਰਜਾਤੀਆਂ ਵਿੱਚ 'ਕਿਲਹਟਾ' ਨਾਂ ਦੀ ਮੈਨਾ ਮਸ਼ਹੂਰ ਹੈ। ਆਕਾਰ ਦੀ ਨਜ਼ਰ ਨਾਲ ਇਹ ਮੈਨਾ ਪਰਿਵਾਰ ਦੀ ਸਭ ਤੋਂ ਵੱਡੀ ਮੈਂਬਰ ਹੈ। ਇਸਦੀ ਲੰਬਾਈ ਕਰੀਬ ਇਕ ਫੁੱਟ ਤਕ ਹੁੰਦੀ ਹੈ ਜਦਕਿ ਗੰਗਾ ਮੈਨਾ ਕੱਦ ਵਿੱਚ ਛੋਟੀ ਹੁੰਦੀ ਹੈ। ਇਸਦੀ ਲੰਬਾਈ ਕਰੀਬ ਛੇ ਇੰਚ ਹੁੰਦੀ ਹੈ। ਇਸਦੇ ਸਰੀਰ ਦੇ ਰੰਗ ਵਿੱਚ ਭੂਰੇ ਅਤੇ ਚਮਕਦਾਰ ਹਲਕੇ ਨੀਲੇ ਰੰਗ ਦਾ ਮਿਸ਼ਰਣ ਹੁੰਦਾ ਹੈ। ਚੁੰਝ ਦਾ ਰੰਗ ਪੀਲਾ ਨਾ ਹੋ ਕੇ

ਨਾਰੰਗੀ ਹੁੰਦਾ ਹੈ। ਇਹ ਅਕਸਰ ਨਦੀ ਜਾਂ ਦਰਿਆ ਦੇ ਕਿਨਾਰੇ ਘਰ ਬਣਾ ਕੇ ਰਹਿੰਦੀ ਹੈ। ਇਸ ਕਾਰਣ ਇਸ ਨੂੰ ਦਰਿਆ ਮੈਨਾ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹੈ। ਇਹ 'ਮੈਨਾ-ਸਮਾਜ' ਦੀ ਖ਼ੂਬਸੂਰਤ ਅਤੇ ਹਸੀਨ ਮੈਂਬਰ ਹੈ। 'ਗੁਲਾਬੀ ਮੈਨਾ' ਚਮਕੀਲੇ ਕਾਲੇ ਰੰਗ ਦੇ ਸਿਰ, ਸੀਨੇ ਅਤੇ ਗਰਦਨ ਦੇ ਇਲਾਵਾ ਇਸਦਾ ਬਾਕੀ ਸਰੀਰ ਬਹੁਤ ਹੀ ਮਨਮੋਹਕ ਗੁਲਾਬੀ ਰੰਗ ਦਾ ਹੁੰਦਾ ਹੈ, ਜੋ ਖੁਦਬਖੁਦ ਹੀ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ। ਇਹ ਗਰਮੀਆਂ ਵਿੱਚ ਪਰਵਾਸੀ ਦੀ ਤਰ੍ਹਾਂ ਸਾਡੇ ਦੇਸ਼ ਵਿੱਚ ਆਉਂਦੀ ਹੈ। ਮੈਨਾ ਦੀਆਂ ਹੋਰ ਕਿਸਮਾਂ ਵਿੱਚ ਜੰਗਲੀ ਮੈਨਾ, ਅਬਲਖਾ ਮੈਨਾ ਆਦਿ ਵਰਨਣਯੋਗ ਹੈ।

ਕੀੜੇ-ਮਕੌੜੇ, ਮੱਖੀ-ਮੱਛਰ, ਟਿੱਡੀ, ਕਾਕਰੋਚ, ਅਨਾਜ, ਫਲ-ਫੁੱਲ ਆਦਿ ਜੋ ਵੀ ਸਮੇਂ ਤੇ ਮਿਲ ਜਾਏ, ਉਹ ਮੈਨਾ ਅਰਾਮ ਨਾਲ ਖਾ ਲੈਂਦੀ ਹੈ। ਖੇਤਾਂ ਦੇ ਕੀੜੇ-ਮਕੌੜੇ ਅਤੇ ਕੀਟ-ਪਤੰਗ ਇਸਦਾ ਪਸੰਦੀਦਾ ਭੋਜਨ ਹੈ। ਇਹਨਾਂ ਨੂੰ ਖਾ ਕੇ ਇਹ 'ਕਿਸਾਨ ਦੀ ਦੋਸਤ' ਦੀ ਭੂਮਿਕਾ ਨਿਭਾਉਂਦੀ ਹੈ। ਸੱਪ, ਬਿੱਲੀ, ਨੇਵਲਾ, ਬਾਜ ਆਦਿ ਪ੍ਰਾਣੀਆਂ ਨਾਲ ਮੈਨਾ ਦੀ ਪਤਾ ਨਹੀਂ ਕਿਹੜੇ ਜਨਮ ਦੀ ਦੁਸ਼ਮਣੀ ਹੈ। ਦਿਨ ਵੇਲੇ ਇਹਨਾਂ ਪ੍ਰਾਣੀਆਂ ਨੂੰ ਵੇਖਦੇ ਹੀ ਘਰੇਲੂ ਮੈਨਾ ਤੇਜ਼ ਅਤੇ ਤਿੱਖੇ ਸੁਰ ਵਿੱਚ ਲਗਾਤਾਰ ਚੀਕਣ ਲਗਦੀ ਹੈ। ਇਹ ਸੰਕੇਤ ਮਨੁੱਖ ਨੂੰ ਚੇਤਨ ਕਰਨ ਲਈ ਬਹੁਤ ਉਪਯੋਗੀ ਹੈ।

ਨਰ-ਮਾਦਾ ਦੋਵੇਂ ਮਿਲ ਕੇ ਰੁੱਖਾਂ ਦੀਆਂ ਖੋਖਲਾਂ, ਘਰਾਂ ਦੀਆਂ ਦੀਵਾਰਾਂ, ਖੂਹਾਂ ਦੇ ਸੁਰਾਖਾਂ ਆਦਿ ਸੁਰੱਖਿਅਤ ਥਾਵਾਂ ਉਤੇ ਤਿਨਕੇ, ਘਾਹ, ਕਾਗਜ਼ ਆਦਿ ਨਾਲ ਅਰਾਮਦਾਇਕ ਆਲ੍ਹਣੇ ਦਾ ਨਿਰਮਾਣ ਕਰਦੀਆਂ ਹਨ। ਮਾਦਾ ਮੈਨਾ 4 ਜਾਂ 5 ਆਂਡੇ ਦਿੰਦੀ ਹੈ। ਇਹਨਾਂ ਆਂਡਿਆਂ ਦਾ ਰੰਗ ਨੀਲਾ ਹੁੰਦਾ ਹੈ। ਆਲ੍ਹਣਿਆਂ ਦੀ ਥਾਂ ਲਈ ਚੋਣ ਮੈਨਾ ਸਾਵਧਾਨੀ ਪੂਰਵਕ ਕਰਦੀ ਹੈ ਅਤੇ ਆਮ ਤੌਰ ਤੇ ਹਰ ਸਾਲ ਉਸੇ ਥਾਂ ਤੇ ਆਂਡੇ ਦਿੰਦੀ ਹੈ।

ਸ਼ਾਮ ਦੇ ਸਮੇਂ ਰੁੱਖਾਂ ਦੀ ਟਹਿਣੀਆਂ ਜਾਂ ਬਿਜਲੀ ਦੀਆਂ ਤਾਰਾਂ ਉਤੇ ਬਹਿ ਕੇ ਮੈਨਾ ਇਕ ਸਮੂਹਗਾਨ ਗਾਉਂਦੀਆਂ ਹਨ। ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਗਾਨ ਦੀ ਲੈਅ ਨਹੀਂ ਟੁੱਟਦੀ। ਗਾਇਨ-ਵਿਦਿਆ ਦੇ ਮਾਮਲੇ ਵਿੱਚ ਪਹਾੜੀ ਮੈਨਾ ਬਹੁਤ ਨਿਪੁੰਨ ਅਤੇ ਪੂਰਣ ਹੁੰਦੀ ਹੈ। ਬਹੁਤ ਮਿੱਠੇ ਅਤੇ ਸੁਰੀਲੇ ਸੁਰ ਵਿੱਚ ਉਸਦੀ ਆਵਾਜ਼ ਦੂਰ ਵਾਦੀਆਂ ਵਿੱਚ ਗੂੰਜਦੀ ਮਧੁਰ ਗੀਤ ਲਗਦੀ ਹੈ। ਕਈ ਪ੍ਰਜਾਤੀਆਂ ਦੀ ਮੈਨਾ ਤਾਂ ਆਦਮੀ ਦੀ ਆਵਾਜ਼ ਦੀ ਹੂ-ਬ-ਹੂ ਨਕਲ ਵੀ ਕਰ ਲੈਂਦੀ ਹੈ। ਹੋਰ ਪੰਛੀਆਂ ਦੀ ਆਵਾਜ਼ ਦੀ ਨਕਲ ਕਰਨਾ ਵੀ ਪਹਾੜੀ ਮੈਨਾ ਲਈ ਮੁਸ਼ਕਿਲ ਨਹੀਂ ਹੈ।

ਕੁਲ ਮਿਲਾ ਕੇ ਮੈਨਾ ਸੁੰਦਰ ਅਤੇ ਮਨੁੱਖ ਜਾਤੀ ਲਈ ਇਕ ਲਾਭਦਾਇਕ ਪੰਛੀ ਹੈ, ਜੋ ਆਪਣੇ ਸੁਰਾਂ ਨਾਲ ਮਾਨਵ ਦਾ ਮੰਨੋਰੰਜਨ ਵੀ ਕਰਦੀ ਹੈ। ■



❑ ਸ਼ਾਮਸੁੰਦਰ

# ਸ਼ੇਰ ਨੂੰ ਸਬਕ


ਜੰਗਲ ਦੇ ਰਾਜਾ ਸ਼ੇਰ ਨੂੰ ਆਪਣੀ ਸ਼ਕਤੀ ਦਾ ਬਹੁਤ ਹੰਕਾਰ ਸੀ। ਉਹ ਖੁਦ ਨੂੰ ਕਦੇ ਵੀ ਨਾ ਹਾਰਨ ਵਾਲਾ ਮੰਨਦਾ ਸੀ। ਉਹ ਬਾਕੀ ਜਾਨਵਰਾਂ ਨੂੰ ਵੀ ਪਰੇਸ਼ਾਨ ਕਰਦਾ ਰਹਿੰਦਾ ਸੀ।

ਸ਼ੇਰ ਨੂੰ ਕੌਣ ਸਮਝਾਏ। ਸਾਰਿਆਂ ਨੂੰ ਆਪਣੀ ਜਾਨ ਪਿਆਰੀ ਸੀ। ਇਕ ਦਿਨ ਸ਼ੇਰ ਜੰਗਲ ਵਿਚ ਘੁੰਮਣ ਨਿਕਲਿਆ। ਉਸ ਦੀ ਨਜ਼ਰ ਇਕ ਬਘਿਆੜ ਉਤੇ ਪਈ। ਉਹ ਉਸ ਦੇ ਕੋਲ ਗਿਆ ਅਤੇ ਆਪਣੀ ਤਾਕਤ ਦੀ ਸ਼ੇਖੀ ਮਾਰਦੇ ਹੋਏ ਕਹਿਣ ਲੱਗਾ – ਮੇਰੀ ਸ਼ਕਤੀ ਦਾ ਕੋਈ ਸਾਨੀ ਨਹੀਂ ਹੈ। ਦੱਸੋ ਜੰਗਲ ਦਾ ਰਾਜਾ ਕੌਣ ਹੈ?

ਬਘਿਆੜ ਪਿਆਰ ਨਾਲ ਕਹਿਣ ਲੱਗਾ – ਹਜ਼ੂਰ, ਤੁਸੀਂ ਹੀ ਹੋ। ਫਿਰ ਸ਼ੇਰ ਥੋੜਾ ਅੱਗੇ ਗਿਆ ਅਤੇ ਉਥੇ ਭਾਲੂ ਮਿਲ ਗਿਆ। ਉਸ ਨੇ ਭਾਲੂ ਤੋਂ ਵੀ ਇਹੀ ਸੁਆਲ ਪੁੱਛਿਆ – ਜੰਗਲ ਦਾ ਰਾਜਾ ਕੌਣ ਹੈ? ਭਾਲੂ ਬੋਲਿਆ – ਤੁਸੀਂ ਹੀ ਜੰਗਲ ਦੇ ਰਾਜਾ ਹੋ ਮਹਾਰਾਜ ! ਕੁਝ ਦੇਰ ਬਾਅਦ ਸ਼ੇਰ ਨੂੰ ਹਾਥੀ ਨਜ਼ਰ ਆਇਆ ਤਾਂ ਉਸ ਦੇ ਕੋਲ ਜਾ ਕੇ ਉਹੀ ਸਵਾਲ ਦੁਹਰਾਇਆ। ਹਾਥੀ ਨੂੰ ਗੁੱਸਾ ਆ ਗਿਆ। ਉਸ ਨੇ ਸ਼ੇਰ ਨੂੰ ਆਪਣੀ ਸੁੰਡ ਵਿਚ ਲਪੇਟ ਕੇ ਦੂਰ ਸੁੱਟ ਦਿੱਤਾ। ਸ਼ੇਰ ਲੰਗੜਾਉਂਦਾ ਹੋਇਆ ਹਾਥੀ ਦੇ ਕੋਲ ਆ ਕੇ ਬੋਲਿਆ – ਮੈਨੂੰ ਮਾਫ ਕਰ ਦੇ ! ਮੈਂ ਹੁਣ ਕਦੇ ਆਪਣੀ ਤਾਕਤ ਦਾ ਘਮੰਡ ਨਹੀਂ ਕਰਾਂਗਾ।



# ਔਹ ਵੇਖ ਮੰਮੀ




ਲਾਲ ਗੁਲਾਬੀ ਸੂਟ ਉਤੇ ਫੁੱਲ ਪਾਏ ਨੇ।
ਔਹ ਵੇਖ ਮੰਮੀ, ਮਾਮੀ ਨਾਨਕਿਆ ਤੋਂ ਆਏ ਨੇ।
ਔਹ ਵੇਖ ਮੰਮੀ ...

ਪੈਰਾਂ ਵਿਚ ਜੁੱਤੀ ਤਿੱਲੇਦਾਰ ਨੋਕ ਵਾਲੀ ਏ,
ਦੂਰੋਂ ਹੀ ਪਛਾਣੇ ਜਾਂਦੇ ਤੋਰ ਹੀ ਨਿਰਾਲੀ ਏ।
ਗਲ ਵਿਚ ਗਾਨੀ ਕੰਨੀ ਝੁਮਕੇ ਵੀ ਪਾਏ ਨੇ।
ਔਹ ਵੇਖ ਮੰਮੀ ...

ਛੋਟਾ ਜਿਹਾ ਭਾਂਡਾ ਇਕ ਸਿਰ ਉਤੇ ਧਰਿਆ,
ਖਾਣ-ਪੀਣ ਦੀਆਂ ਚੀਜ਼ਾਂ ਨਾਲ ਲੱਗੇ ਭਰਿਆ।
ਕੱਚ ਦੀਆਂ ਵੰਗਾਂ ਨਾਲ ਗੁੱਟ ਵੀ ਸਜਾਏ ਨੇ।
ਔਹ ਵੇਖ ਮੰਮੀ ...

ਹੱਥਾਂ ਵਿਚ ਚੁੱਕਿਆ ਸਮਾਨ ਬੜਾ ਭਾਰਾ ਏ,
ਸੱਚ ਪਾਪਾ ਆਖਦੇ ਨੇ ਲਾਇਆ ਨਹੀਂ ਲਾਰਾ ਏ।
ਲੱਗਦੈ ਬੰਟੀ ਵੀਰੇ ਨੂੰ ਵੀ ਨਾਲ ਹੀ ਲਿਆਏ ਨੇ
ਔਹ ਵੇਖ ਮੰਮੀ ...

ਵਾਣ ਵਾਲੀ ਮੰਜੀ ਵੇਖੋ ਨਿੰਮ ਹੇਠ ਡਾਹੀ ਮੈਂ,
ਤੁਸੀਂ ਗੱਲ ਬਾਤ ਕਰੋ ਚਾਹ ਲੈ ਕੇ ਆਈ ਮੈਂ।
ਨਾਲੇ ਬਿਸਕੁਟ ਜੋ 'ਮਦਨ-ਰਾਣਾ' ਤੋਂ ਮੰਗਾਏ ਨੇ
ਔਹ ਵੇਖ ਮੰਮੀ ...



# ਵਚਿੱਤਰ ਮੱਛੀ ਕੈਟਫਿਸ਼

**ਮੱਛੀਆਂ** ਦਾ ਸੰਸਾਰ ਬਹੁਤ ਹੀ ਵਚਿੱਤਰ ਹੈ ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਮੱਛੀਆਂ ਹਨ। ਮੱਧ ਅਤੇ ਪੂਰਬੀ ਅਮਰੀਕਾ ਵਿੱਚ ਕੈਟਫਿਸ਼ ਨਾਮਕ ਮੱਛੀਆਂ ਮਿਲਦੀਆਂ ਹਨ। ਇਹਨਾਂ ਦੇ ਮੂੰਹ ਦੇ ਚਾਰੇ ਪਾਸੇ ਚਾਰ ਜੋੜੇ ਸਪਰਸ਼ਕ (ਟੈਂਜੈਂਟ) ਹੁੰਦੇ ਹਨ ਜੋ ਬਿੱਲੀ ਦੀਆਂ ਮੁੱਛਾ ਵਰਗੇ ਦਿਸਦੇ ਹਨ। ਸ਼ਾਇਦ ਇਸ ਲਈ ਇਸਦਾ ਨਾਂ ਕੈਟਫਿਸ਼ ਪਿਆ।

ਕੈਟਫਿਸ਼ ਦੀਆਂ ਕਈ ਪਰਜਾਤੀਆਂ ਹਨ ਜਿਨ੍ਹਾਂ ਵਿੱਚ ਫਲੈਟਹੈਡ ਕੈਟਫਿਸ਼, ਨੀਲੀ ਕੈਟਫਿਸ਼, ਇਲੈਕਟ੍ਰਿਕ ਕੈਟਫਿਸ਼ ਅਤੇ ਵੇਲਸ ਕੈਟਫਿਸ਼ ਪ੍ਰਮੁੱਖ ਹਨ। ਇਹਨਾਂ ਦਾ ਆਕਾਰ ਨੌ ਫੁੱਟ ਤਕ ਵੇਖਿਆ ਗਿਆ ਹੈ। ਇਹਨਾਂ ਦਾ ਵਜਨ ਵੀ ਕਾਫੀ ਜ਼ਿਆਦਾ ਹੁੰਦਾ ਹੈ। ਇਹ ਸਾਫ਼ ਪਾਣੀ ਦੀ ਸਭ ਤੋਂ ਵੱਡੀ ਮੱਛੀ ਹੈ ਜੋ ਕਿ ਹੌਲੀ-ਹੌਲੀ ਵਗਣ ਵਾਲੀਆਂ ਨਦੀਆਂ ਜਾਂ ਝੀਲ ਦੀ ਤਲਹਟੀ ਵਿੱਚ ਰਹਿੰਦੀਆਂ ਹਨ। ਇਹ ਅਮਰੀਕਾ ਦੇ ਪੂਰਬੀ ਕਿਨਾਰੇ ਉਤੇ ਅਟਲਾਂਟਿਕ ਸਾਗਰ ਦੇ ਪਾਣੀ ਵਿੱਚ ਮਿਲਦੀਆਂ ਹੈ।

ਉਂਝ ਤਾਂ ਮੱਛੀ ਦੁਆਰਾ ਆਂਡੇ ਦੇਣਾ ਇਕ ਆਮ ਗੱਲ ਹੈ। ਲੇਕਿਨ ਇਥੇ ਖਾਸ ਗੱਲ ਇਹ ਹੈ ਕਿ ਮਾਦਾ ਦਾ ਕੰਮ ਕੇਵਲ ਆਂਡੇ ਦੇਣਾ ਹੈ, ਉਹਨਾਂ ਦੀ ਪਰਵਰਿਸ਼ ਕਰਨਾ ਨਹੀਂ। ਜਿਵੇਂ ਹੀ ਉਹ ਆਂਡੇ ਦੇ ਦਿੰਦੀਆਂ ਹਨ, ਉਹਨਾਂ ਦੇ ਸਾਰੇ ਆਂਡੇ ਨਰ ਆਪਣੇ ਮੂੰਹ ਵਿੱਚ ਰੱਖ ਲੈਂਦਾ ਹੈ। ਆਂਡਿਆਂ ਦੀ ਗਿਣਤੀ ਕਰੀਬ 50 ਹੁੰਦੀ ਹੈ ਜਿਨ੍ਹਾਂ ਦਾ ਆਕਾਰ ਸੰਗਮਰਮਰ ਦੇ ਛੋਟੇ ਟੁਕੜਿਆਂ ਜਿੰਨਾ ਹੁੰਦਾ ਹੈ। ਜਦੋਂ ਇਹ ਸਾਰੇ ਆਂਡੇ ਉਸਦੇ ਮੂੰਹ ਵਿੱਚ ਸਮਾ ਜਾਂਦੇ ਹਨ ਤਾਂ ਇਸ ਨਾਲ ਉਸਦਾ ਮੂੰਹ ਪੂਰੀ ਤਰ੍ਹਾਂ ਭਰ ਜਾਂਦਾ ਹੈ। ਉਹ ਕੁਝ ਖਾ ਪੀ ਨਹੀਂ ਸਕਦਾ।

ਪਿਆਰੇ ਬੱਚਿਓ! ਇਕ ਮਹੀਨੇ ਤਕ ਇਹ ਆਂਡੇ ਉਸਦੇ ਮੂੰਹ ਵਿੱਚ ਰਹਿੰਦੇ ਹਨ ਤੇ ਫਿਰ ਜਦੋਂ ਇਹਨਾਂ ਵਿਚੋਂ ਬੱਚੇ ਬਾਹਰ ਨਿਕਲਦੇ ਹਨ, ਤਦ ਹੀ ਉਹ ਕੁਝ ਖਾਣ ਦੀ ਹਾਲਤ ਵਿੱਚ ਹੁੰਦਾ ਹੈ। ਗੱਲ ਇਥੇ ਹੀ ਨਹੀਂ ਮੁਕਦੀ, ਅਗਲੇ 15 ਦਿਨਾਂ ਤਕ ਬੱਚੇ ਕਿਸੇ ਖਤਰੇ ਦੇ ਡਰ ਨਾਲ ਉਸਦੇ ਮੂੰਹ ਵਿੱਚ ਤੈਰਦੇ ਰਹਿੰਦੇ ਹਨ। ਐਨੇ ਦਿਨਾਂ ਤਕ ਉਹ ਆਪਣੇ ਦੁਆਰਾ ਪਹਿਲਾਂ ਇੱਕਠੀ ਕੀਤੀ ਊਰਜਾ ਨਾਲ ਕੰਮ ਚਲਾਉਂਦਾ ਹੈ। ਹੈ ਨਾ, ਨਰ ਮੱਛੀ ਦੀ ਮਹੱਤਵਪੂਰਣ ਭੂਮਿਕਾ।

❑ ਕਿਰਣ ਬਾਲਾ



# ਰੰਗ ਭਰੋ





ਨਾਂ ..................................................................................ਉਮਰ..........

ਪੂਰਾ ਪਤਾ..............................................................................

..................................................................................................

..................................................................................................

# ਮਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਸਹਿਜ ਬੰਸਲ (ਉਮਰ 7 ਸਾਲ)
ਹਾਊਸ ਨੰ : 151, ਵਾਰਡ ਨੰ : 10
ਪਿੰਡ ਤੇ ਡਾਕਖਾਨਾ – ਪਾਤੜਾਂ
ਜਿਲਾ – ਪਟਿਆਲਾ (ਪੰਜਾਬ)

**ਦੂਸਰਾ ਨੰ :**

ਸਿਮਰਨ ਕੌਰ (ਉਮਰ 12 ਸਾਲ)
ਪਿੰਡ ਤੇ ਡਾਕਖਾਨਾ – ਲਹਿਲ ਕਲਾਂ
ਜਿਲਾ – ਸੰਗਰੂਰ (ਪੰਜਾਬ)

**ਤੀਸਰਾ ਨੰ :**

ਪਵਨਦੀਪ ਸਿੰਘ (ਉਮਰ 13 ਸਾਲ)
ਪਿੰਡ ਤੇ ਡਾਕਖਾਨਾ – ਬੁਤਾਲਾ
ਜਿਲਾ – ਅੰਮ੍ਰਿਤਸਰ (ਪੰਜਾਬ)

## ਪਸੰਦ ਕੀਤੇ ਗਏ –

ਸ਼ਿਵਪ੍ਰੀਤ ਸਿੰਘ (ਅਮਰਾਲੀ)
ਸਿਮਰਨ (ਸ਼ਹੀਦ ਊਧਮ ਸਿੰਘ ਨਗਰ)
ਸਾਹਿਲ ਸੇਠੀ (ਤਲਵੰਡੀ ਭਾਈ)
ਨਿਤਿਨ ਕੰਡਾ (ਤਲਵੰਡੀ ਭਾਈ)
ਸੁਖਮਨਦੀਪ ਕੌਰ (ਭਨੂਰ)
ਨਿਤੀ ਚੰਦਰ (ਲੁਧਿਆਣਾ)
ਸੁਨੀਤਾ (ਨਵਾਂ ਸ਼ਹਿਰ)
ਹੈਵਨ-ਸੁਮਨ (ਫਗਵਾੜਾ)
ਸਿਮਰਨ ਕੌਰ (ਧਰਮਪੁਰਾ)
ਸੁਖਪ੍ਰੀਤ ਸਿੰਘ (ਮਾਨਸਾ)
ਏਕਤਾ (ਹਰੀਕੇ ਪੱਤਣ)
ਸ਼ੁਭਮ (ਪੁਰਹੀਰਾਂ)
ਗੁਰਪ੍ਰੀਤ ਸਿੰਘ (ਰਣਜੀਤ ਵਿਹਾਰ)
ਸਮਰਥ ਅਹੂਜਾ (ਰਾਜਪੁਰਾ)
ਵਿਧਿਤ (ਖੁਸ਼ਹਾਲ ਪੁਰ)
ਯਸ਼ਿਕਾ (ਡੇਰਾ ਬਾਬਾ ਨਾਨਕ)




## ਜੁਲਾਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜੁਲਾਈ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਸਤੰਬਰ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।





❑ ਸੁਰਜੀਤ 'ਦੇਵਲ'

# ਤੂੰ ਬਣੇਂਗਾ ਦੇਸ਼ ਦਾ ਹੀਰਾ

ਘੁੱਗ ਵੱਸਦੇ ਪਿੰਡ ਕਾਟਲੁਕ ਵਿੱਚ, ਪੈਦਾ ਹੋਇਆ ਇਕ ਬਾਲ।
ਨਾਂ ਸੀ ਗੋਪਾਲ ਕ੍ਰਿਸ਼ਨ ਗੋਖਲਾ, ਲਈ ਸੁਰਤ ਸੰਭਾਲ।

ਪੜ੍ਹਦਾ ਸ਼ੌਂਕ ਦੇ ਨਾਲ ਉਹ ਪੁੱਜਾ, ਪ੍ਰਾਇਮਰੀ ਦੀ ਜਮਾਤ।
ਬਾਲਾਂ ਨੂੰ ਅਧਿਆਪਕ ਪਰਖੇ, ਵੰਡਦਾ ਗਿਆਨ ਦੀ ਦਾਤ।

ਗੁੰਮਿਆ ਹੀਰਾ ਜੇ ਕਿਸੇ ਦਾ, ਲੱਗੇ ਤੁਹਾਡੇ ਹੱਥ।
ਬੱਚਿਓ ਕੀ ਕਰੋਗੇ ਉਸਦਾ, ਦੱਸੋ ਵਾਰੋ-ਵਾਰੀ ਸਭ।

ਕੋਈ ਆਖੇ ਵੇਚ ਕੇ ਮੈਂ ਤਾਂ, ਹੀਰਾ ਫਟਾ-ਫੱਟ।
ਭੁੱਖ ਗਰੀਬੀ ਘਰ ਦੀ ਹੂੰਝਣੀ, ਜਾ ਕੇ ਮੈਂ ਤਾਂ ਝੱਟ।

ਦੂਜਾ ਕਹੇ ਮੈਂ ਹੀਰੇ ਨੂੰ, ਵੇਚ ਕੇ ਵਿੱਚ ਬਾਜ਼ਾਰ।
ਲੈ ਕੇ ਮੁੱਲ ਖੇਤ, ਪਿੰਡ ਦਾ ਬਣੂੰ ਸਰਦਾਰ।

ਅਗਲਾ ਬੋਲਿਆ ਹੀਰੇ ਨੂੰ, ਮੈਂ ਵੇਚ ਕੇ ਮਹਿੰਗੇ ਭਾਅ।
ਐਸ਼-ਪ੍ਰਸਤੀ ਕਰਨੀ ਲੈਣੀਆਂ ਕਈ ਮਿੱਲਾਂ ਮੈਂ ਲਾ।

ਆਪਣੀ ਵਾਰੀ ਤੇ ਗੋਖਲਾ ਬੋਲੇ, ਨਿਮਰਤਾ ਨਾਲ ਖਲੋ।
ਵੇਖੋ ਵੱਡੀ ਸੋਚ ਦਾ ਮਾਲਕ, ਸੰਜਮੀਂ ਬਾਲਕ ਉਹ।

ਹੀਰਾ ਜਿਸ ਦਾ ਗੁੰਮਿਆ ਹੈ, ਉਹ ਬੰਦਾ ਲੱਭਣਾ ਜਾ।
ਫਿਰ ਪੁੱਛਿਆ ਕੀ ਕਰੇਂਗਾ ਜੇ ਬੰਦਾ ਨਾ ਲੱਭਿਆ?

ਮੇਰਾ ਹੱਕ ਨਾ ਹੀਰੇ ਤੇ, ਨਾ ਰੱਖਣਾ ਮੈਂ ਛੁਪਾ।
'ਦੇਵਲ' ਦੇਸ਼ ਦੀ ਸੇਵਾ ਦੇ, ਲੇਖੇ ਦੇਵਾਂਗਾ ਲਾ।

ਸੁਣ ਕੇ ਬੋਲ ਅਜ਼ੀਬ ਇਹ, ਉਸਤਾਦ ਜੀ ਬੋਲੇ ਵਾਹ!
ਤੂੰ ਤਾਂ ਇਕ ਦਿਨ ਦੇਸ਼ ਦਾ, ਹੀਰਾ ਬਣੇਂਗਾ ਜਾ।

❑ ਏ.ਪੀ.ਨਿਰੰਕਾਰੀ

# ਅਸਲੀ ਚਿਰਾਗ

ਮਨਪ੍ਰੀਤ ਤੀਸਰੀ ਕਲਾਸ ਵਿੱਚ ਪੜ੍ਹਦਾ ਸੀ। ਪੜ੍ਹਨ ਵਿੱਚ ਉਸਦਾ ਧਿਆਨ ਘੱਟ ਸੀ ਪਰ ਖੇਡਣ-ਕੁੱਦਣ ਅਤੇ ਟੀ.ਵੀ.ਦੇਖਣ ਵਿੱਚ ਸਭ ਤੋਂ ਵੱਧ ਧਿਆਨ ਸੀ। ਅੱਜ ਸਕੂਲ ਤੋਂ ਵਾਪਿਸ ਆ ਕੇ ਉਸ ਨੇ ਆਪਣਾ ਸਕੂਲ ਬੈਗ ਇੱਕ ਪਾਸੇ ਰੱਖ ਦਿੱਤਾ ਅਤੇ ਰਿਮੋਟ ਚੁੱਕ ਕੇ ਟੀ.ਵੀ.ਦੇਖਣ ਲੱਗ ਪਿਆ। ਮਨਪ੍ਰੀਤ ਬਹੁਤ ਛੋਟਾ ਬੱਚਾ ਸੀ। ਉਹ ਟੀ.ਵੀ.ਵਿੱਚ ਦੇਖ ਰਿਹਾ ਸੀ ਕਿ ਇਨਸਾਨ ਇੱਕ ਚਿਰਾਗ ਨੂੰ ਹੱਥ ਨਾਲ ਰਗੜ ਰਿਹਾ ਸੀ ਅਤੇ ਉਸ ਵਿੱਚੋਂ ਇੱਕ ਵੱਡਾ ਜਿੰਨ ਪ੍ਰਗਟ ਹੋਇਆ ਬੋਲਿਆ 'ਕਿਆ ਹੁਕਮ ਹੈ ਮੇਰੇ ਆਕਾ। ਉਹ ਜਿੰਨ ਉਸ ਇਨਸਾਨ ਦੇ ਕਹਿਣ ਤੇ ਸਭ ਕੰਮ ਕਰ ਰਿਹਾ ਸੀ। ਉਹ ਉਸ ਦੀਆਂ ਸਾਰੀਆਂ ਇਛਾਵਾਂ ਨੂੰ ਪੂਰੀਆਂ ਕਰ ਰਿਹਾ ਸੀ। ਜਿਹੜੀ ਵੀ ਚੀਜ਼ ਉਹ ਇਨਸਾਨ ਮੰਗਦਾ ਉਹ ਜਿੰਨ ਪੂਰੀ ਕਰਦਾ। ਕਦੇ ਰੋਟੀ ਲਿਆਉਂਦਾ, ਕਦੇ ਮਿਠਾਈਆਂ। ਮਨਪ੍ਰੀਤ ਬਹੁਤ ਖੁਸ਼ ਹੋਇਆ ਉਹ ਸੋਚ ਰਿਹਾ ਸੀ ਕਿ ਜੇਕਰ ਇਹੋ ਜਿਹਾ ਚਿਰਾਗ ਮੇਰੇ ਪਾਸ ਹੋਵੇ ਤਾਂ ਮੈਂ ਆਪਣਾ ਸਾਰਾ ਸਕੂਲ ਦਾ ਹੋਮਵਰਕ ਉਸ ਜਿੰਨ ਤੋਂ ਕਰਵਾ ਲਿਆ ਕਰਾਂਗਾ। ਉਸ ਤੋਂ ਪੈਸੇ ਵੀ ਮੰਗ ਲਿਆ ਕਰਾਂਗਾ। ਮੈਂ ਫਸਟ ਵੀ ਆ ਜਾਇਆ ਕਰਾਂਗਾ।

ਮਨਪ੍ਰੀਤ ਤੇ ਉਸ ਚਿਰਾਗ ਵਾਲੇ ਜਿੰਨ ਨੇ ਬਹੁਤ ਪ੍ਰਭਾਵ ਪਾਇਆ। ਅੱਜ ਸਾਰੀ ਰਾਤ ਉਹ ਸੌਂ ਨਾ ਸਕਿਆ। ਮਨਪ੍ਰੀਤ ਦੇ ਮਨ ਵਿੱਚ ਬਸ ਉਹ ਜਿੰਨ ਹੀ ਘੁੰਮ ਰਿਹਾ ਸੀ। ਉਸ ਦੇ ਮਾਤਾ-ਪਿਤਾ ਵੀ ਦੇਖ ਰਹੇ ਸਨ ਕਿ ਅੱਜ ਪਤਾ ਨਹੀਂ ਕੀ ਹੋਇਆ ਇਸ ਨੂੰ। ਉਹ ਉਸਨੂੰ ਸੌਣ ਲਈ ਕਹਿੰਦੇ ਪਰ ਉਸਦਾ ਧਿਆਨ ਬਸ ਚਿਰਾਗ ਵਿੱਚ ਸੀ। ਅਗਲੇ ਦਿਨ ਮਨਪ੍ਰੀਤ ਉਠਿਆ ਅਤੇ ਜਲਦੀ ਨਾਲ ਸਕੂਲ ਗਿਆ।

ਸਕੂਲ ਵਿੱਚ ਉਸਦਾ ਅੱਜ ਜੀਅ ਨਾ ਲੱਗਿਆ। ਉਸਦੇ ਦੋਸਤ ਉਸਨੂੰ ਖੇਡਣ ਲਈ ਕਹਿ ਰਹੇ ਸਨ ਪਰ ਮਨਪ੍ਰੀਤ ਸਭ ਕੁਝ ਮਨ੍ਹਾਂ ਕਰ ਰਿਹਾ ਸੀ। ਮਨਪ੍ਰੀਤ ਉਸ ਚਿਰਾਗ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ। ਉਸ ਦੇ ਪਾਪਾ ਉਸ ਨੂੰ ਸਭ ਕੁਝ ਲਿਆ ਕੇ ਦਿੰਦੇ ਸਨ। ਸਕੂਲ ਤੋਂ ਵਾਪਿਸ ਆ ਕੇ ਮਨਪ੍ਰੀਤ ਸਿੱਧਾ ਆਪਣੇ ਪਾਪਾ ਕੋਲ ਗਿਆ - ਅੱਜ ਉਸਦੇ ਪਾਪਾ ਘਰ ਹੀ ਸਨ। ਮਨਪ੍ਰੀਤ ਨੇ ਆਪਣੇ ਪਾਪਾ ਨੂੰ ਕਿਹਾ - ਪਾਪਾ ਮੈਨੂੰ ਚਿਰਾਗ ਚਾਹੀਦਾ ਹੈ। ਪਾਪਾ ਨੂੰ ਤਾਂ ਪਤਾ ਸੀ ਕਿ ਇਸਨੇ ਜਿੰਨ ਵਾਲਾ ਨਾਟਕ ਦੇਖਿਆ ਹੋਣੈ। ਉਸ ਨੇ ਕਿਹਾ : ਪੁੱਤਰ ਤੂੰ ਕੀ ਕਰਨਾ ਚਿਰਾਗ ! ਮਨਪ੍ਰੀਤ ਨੇ ਕਿਹਾ - ਪਾਪਾ ਮੈਨੂੰ ਬਸ ਚਿਰਾਗ ਚਾਹੀਦਾ ਹੈ। ਉਸਦੇ ਪਾਪਾ ਉਸ ਨੂੰ ਬਹੁਤ ਪਿਆਰ ਕਰਦੇ ਸਨ। ਉਹਨਾਂ ਨੂੰ ਪਤਾ ਸੀ ਕਿ ਇਸਦੀ ਜ਼ਿੱਦ ਪੂਰੀ ਕਰਨੀ ਹੀ ਪੈਣੀ ਹੈ।

ਮਨਪ੍ਰੀਤ ਦੇ ਪਾਪਾ ਨੇ ਬਾਜਾਰੋਂ ਉਹੀ ਚਿਰਾਗ ਲਿਆ ਕੇ ਦੇ ਦਿੱਤਾ। ਮਨਪ੍ਰੀਤ ਦੀ ਖੁਸ਼ੀ ਦਾ





ਠਿਕਾਣਾ ਨਾ ਰਿਹਾ। ਉਹ ਜਲਦੀ ਨਾਲ ਉਸ ਚਿਰਾਗ ਨੂੰ ਲੈ ਕੇ ਆਪਣੇ ਕਮਰੇ ਵਿੱਚ ਗਿਆ। ਉਸ ਨੇ ਜਿਸ ਤਰ੍ਹਾਂ ਟੀ.ਵੀ. ਵਿੱਚ ਦੇਖਿਆ ਸੀ ਉਸੇ ਤਰ੍ਹਾਂ ਉਸ ਚਿਰਾਗ ਨੂੰ ਰਗੜਨ ਲੱਗਾ ਪਰ ਉਸ ਚਿਰਾਗ ਵਿੱਚੋਂ ਕੁਝ ਨਹੀਂ ਨਿਕਲ ਰਿਹਾ ਸੀ। ਮਨਪ੍ਰੀਤ ਵਾਰ-ਵਾਰ ਉਸ ਚਿਰਾਗ ਨੂੰ ਰਗੜ ਰਿਹਾ ਸੀ। ਉਸਦੇ ਪਾਪਾ ਆਪਣੇ ਬੱਚੇ ਮਨਪ੍ਰੀਤ ਨੂੰ ਛੁੱਪ ਕੇ ਦੇਖ ਰਹੇ ਸਨ ਕਿ ਕੀ ਕਰ ਰਿਹਾ ਹੈ। ਨਾਲ ਹੀ ਮਨ ਹੀ ਮਨ ਹੱਸ ਰਹੇ ਸਨ। ਚਿਰਾਗ ਨੂੰ ਕਾਫ਼ੀ ਦੇਰ ਰਗੜਨ ਤੋਂ ਬਾਅਦ ਜਦ ਉਸ ਵਿੱਚੋਂ ਜਿੰਨ ਪ੍ਰਗਟ ਨਾ ਹੋਇਆ ਤਾਂ ਉਹ ਨਿਰਾਸ਼ ਹੋ ਕੇ ਬੈਠ ਗਿਆ। ਉਸਨੇ ਚਿਰਾਗ ਨੂੰ ਗੁੱਸੇ ਵਿੱਚ ਦੂਰ ਸੁੱਟ ਦਿੱਤਾ। ਮਨਪ੍ਰੀਤ ਕਾਫ਼ੀ ਛੋਟਾ ਸੀ। ਉਸ ਨੂੰ ਕੀ ਪਤਾ ਕਿ ਇਹ ਚਿਰਾਗ ਵਾਲੀਆਂ ਕਹਾਣੀਆਂ ਕਾਲਪਨਿਕ ਹਨ। ਉਹ ਰੋਣ ਲੱਗ ਪਿਆ।

ਉਸਦੇ ਪਾਪਾ ਜਲਦੀ ਨਾਲ ਮਨਪ੍ਰੀਤ ਕੋਲ ਆਏ ਅਤੇ ਉਹਨਾਂ ਨੇ ਉਸ ਨੂੰ ਗੋਦੀ ਵਿੱਚ ਚੁੱਕ ਲਿਆ। ਉਸ ਨੂੰ ਪੁੱਛਿਆ - ਪੁੱਤਰ ਰੋ ਕਿਉਂ ਰਿਹਾ ਹੈਂ ਤੂੰ। ਮਨਪ੍ਰੀਤ ਬੋਲਿਆ ਪਾਪਾ ਮੈਂ ਚਿਰਾਗ ਨੂੰ ਜਿਸ ਤਰ੍ਹਾਂ ਟੀ.ਵੀ.ਵਿੱਚ ਇੱਕ ਇਨਸਾਨ ਰਗੜ ਰਿਹਾ ਸੀ ਉਸ ਤਰ੍ਹਾਂ ਰਗੜਿਆ ਪਰ ਉਸ ਵਿੱਚੋਂ ਜਿੰਨ ਨਹੀਂ ਪ੍ਰਗਟ ਹੋਇਆ। ਮੈਂ ਉਸ ਕੋਲੋਂ ਆਪਣੇ ਸਾਰੇ ਕੰਮ ਕਰਵਾਉਣਾ ਚਾਹੁੰਦਾ ਸੀ।

ਮਨਪ੍ਰੀਤ ਦੇ ਪਾਪਾ ਨੇ ਉਸਦੇ ਸਿਰ ਤੇ ਹੱਥ ਫੇਰਿਆ ਅਤੇ ਬੋਲੇ - ਪੁੱਤਰ ਉਹ ਜਿੰਨ ਵਾਲੇ ਨਾਟਕ ਤਾਂ ਕਾਲਪਨਿਕ ਕਹਾਣੀਆਂ ਹਨ। ਇਹ ਤਾਂ ਇਨਸਾਨ ਦੁਆਰਾ ਹੀ ਬਣਾਈਆਂ ਗਈਆਂ ਹਨ। ਅਸਲ ਵਿੱਚ ਕੋਈ ਜਿੰਨ ਵਗੈਰਾ ਨਹੀਂ ਹੁੰਦਾ। ਉਹਨਾਂ ਨੇ ਮਨਪ੍ਰੀਤ ਨੂੰ ਸਮਝਾਉਂਦੇ ਹੋਏ ਕਿਹਾ, "ਪੁੱਤਰ ਅਸਲੀ ਚਿਰਾਗ ਤਾਂ ਤੁਹਾਡੀ ਵਿੱਦਿਆ ਪੜ੍ਹਾਈ ਹੈ। ਜਦੋਂ ਤੁਸੀਂ ਇਸ ਨੂੰ ਰਗੜੋਗੇ ਤਾਂ ਤੁਹਾਡਾ ਮਨਰੂਪੀ ਜਿੰਨ ਸਭ ਕੰਮ ਕਰੇਗਾ ਅਤੇ ਤੁਸੀਂ ਦੁਨੀਆਂ ਦੀਆਂ ਸਭ ਚੀਜਾਂ ਪ੍ਰਾਪਤ ਕਰ ਸਕਦੇ ਹੋ। ਇਸ ਲਈ ਅਸਲੀ ਚਿਰਾਗ ਤੁਹਾਡੀ ਸਿਰਫ਼ ਪੜ੍ਹਾਈ ਹੀ ਹੈ।

ਮਨਪ੍ਰੀਤ ਹੁਣ ਚੁੱਪ ਹੋ ਗਿਆ ਸੀ। ਉਸ ਨੂੰ ਸਭ ਕੁਝ ਸਮਝ ਆ ਗਿਆ ਸੀ। ਉਸਦੇ ਪਾਪਾ ਨੇ ਉਸ ਨੂੰ ਖਾਣ ਲਈ ਚੌਕਲੇਟ ਵਗੈਰਾ ਦਿੱਤੀ। ਹੁਣ ਮਨਪ੍ਰੀਤ ਨੇ ਆਪਣਾ ਜਿਆਦਾ ਧਿਆਨ ਸਿਰਫ਼ ਪੜ੍ਹਾਈ ਵਿੱਚ ਹੀ ਦਿੱਤਾ। ਜਦੋਂ ਨਤੀਜਾ ਨਿਕਲਿਆ ਤਾਂ ਮਨਪ੍ਰੀਤ ਚੌਥੀ ਕਲਾਸ ਵਿੱਚੋਂ ਫਸਟ ਆਇਆ। ਹੁਣ ਉਹ ਬਹੁਤ ਖੁਸ਼ ਸੀ।

ਸੋ ਪਿਆਰੇ ਬੱਚਿਓ ! ਤੁਹਾਡਾ ਅਸਲੀ ਚਿਰਾਗ ਵਿੱਦਿਆ ਪੜ੍ਹਾਈ ਹੈ। ਇਸ ਨਾਲ ਹੀ ਤੁਸੀਂ ਸਭ ਕੁਝ ਪ੍ਰਾਪਤ ਕਰ ਸਕਦੇ ਹੋ।

# ਕਦੇ ਨਾ ਭੁੱਲੋ

* ਭਗਤ ਬੱਚਾ ਬਣ ਕੇ ਰਹਿੰਦਾ ਹੈ ਅਰਥਾਤ ਸਿੱਖਣ ਦੇ ਭਾਵ ਨਾਲ ਜਿਉਂਦਾ ਹੈ।
* ਮਾਨਵਤਾ ਦੀ ਰਾਹ ਛੱਡਣ ਵਾਲਿਆਂ ਨੂੰ ਮਾਨਵ ਨਹੀਂ ਕਿਹਾ ਜਾ ਸਕਦਾ।
* ਜਦ ਨਿਰੰਕਾਰ ਦਾ ਗਿਆਨ ਹੋ ਜਾਂਦਾ ਹੈ ਤਦ ਸਾਰੇ ਬੰਧਨ ਖੁਦ ਹੀ ਟੁੱਟ ਜਾਂਦੇ ਹਨ।

- ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ।

* ਸਤਿਗੁਰੂ ਦੀ ਸ਼ਰਨ ਗਏ ਬਗੈਰ ਬ੍ਰਹਮਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।

- ਗਿਆਨੇਸ਼ਵਰੀ ਗੀਤਾ

* ਜਿੱਤ ਉਸਦੀ ਹੁੰਦੀ ਹੈ ਜੋ ਜਿੱਤਣ ਦਾ ਹੌਸਲਾ ਰੱਖਦਾ ਹੈ।
* ਉਹੀ ਗੱਲ ਕਹਿਣੀ ਚਾਹੀਦੀ ਹੈ ਜਿਸ ਨਾਲ ਆਪਣੇ ਆਪ ਨੂੰ ਵੀ ਦੁੱਖ ਨਾ ਪਹੁੰਚੇ।

- ਭਗਵਾਨ ਬੁੱਧ

* ਦੇ ਕੇ ਭੁੱਲ ਜਾਉ ਪ੍ਰੰਤੂ ਲੈ ਕੇ ਕਦੇ ਨਾ ਭੁੱਲੋ।
* ਜਦ ਕਦੇ ਮੈਨੂੰ ਔਗੁਣ ਵੇਖਣ ਦੀ ਇੱਛਾ ਹੁੰਦੀ ਹੈ ਤਾਂ ਮੈਂ ਆਪਣੇ ਤੋਂ ਸ਼ੁਰੂ ਕਰਦਾ ਹਾਂ ਅਤੇ ਇਸ ਤੋਂ ਅਗੇ ਵਧ ਨਹੀਂ ਸਕਦਾ।

- ਡੇਵਿਡ ਗ੍ਰੇਸਨ

* ਅਗਰ ਆਤਮ-ਸਨਮਾਨ ਚਾਹੁੰਦੇ ਹੋ ਤਾਂ ਦੂਸਰਿਆਂ ਦਾ ਸਨਮਾਨ ਕਰੋ।
* ਤੁਸੀਂ ਦੂਸਰੇ ਦੀ ਅੱਖ ਦੀ ਕਿਰਕਿਰੀ ਕਿਉਂ ਵੇਖਦੇ ਹੋ। ਆਪਣੀ ਅੱਖ ਦਾ ਤਿਨਕਾ ਤਾਂ ਕੱਢੋ।

- ਬਾਈਬਲ

* ਕ੍ਰੋਧ ਨਾਲ ਸਾਰੇ ਕੰਮ ਵਿਗੜਦੇ ਹਨ, ਜਿਵੇਂ ਸ਼ਾਂਤੀ ਨਾਲ ਬਣਦੇ ਹਨ।

- ਭਗਵਤਗੀਤਾ

* ਜੋ ਕਿਸੇ ਦਾ ਬੋਝ ਹਲਕਾ ਕਰਦਾ ਹੈ, ਭਗਵਾਨ ਉਸਦਾ ਬੋਝ ਹਲਕਾ ਕਰਦਾ ਹੈ।

- ਸਾਮਵੇਦ

* ਜੇ ਤੁਹਾਡੇ ਅੰਦਰ ਉਤਸਾਹ ਹੋਵੇਗਾ ਤਾਂ ਤੁਸੀਂ ਅਸੰਭਵ ਕੰਮ ਨੂੰ ਸੰਭਵ ਬਣਾ ਸਕਦੇ ਹੋ।

- ਬਾਲਮੀਕੀ

* ਸਾਡੀ ਪ੍ਰਾਰਥਨਾ ਆਮ ਤੌਰ ਤੇ ਅਸ਼ੀਰਵਾਦ ਲਈ ਹੋਣੀ ਚਾਹੀਦੀ ਹੈ ਕਿਉਂਕਿ ਭਗਵਾਨ ਜਾਣਦਾ ਹੈ ਕਿ ਸਾਡੇ ਲਈ ਕੀ ਚੰਗਾ ਹੈ।
* ਕਸ਼ਟ ਅਤੇ ਬਿਪਤਾ ਮਨੁੱਖ ਨੂੰ ਸਿਖਿਆ ਦੇਣ ਵਾਲੇ ਹੁੰਦੇ ਹਨ। ਜੋ ਹੌਸਲੇ ਨਾਲ ਇਹਨਾਂ ਦਾ ਸਾਹਮਣਾ ਕਰਦੇ ਹਨ, ਉਹ ਜਿੱਤਦੇ ਹਨ।

- ਸੁਕਰਾਤ

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❑ ਅਸ਼ੋਕ ਬ੍ਰਾਹਮਣਮਾਜਰਾ

# ਬਚਪਨ ਵਾਲੇ ਦਿਨ

ਬਚਪਨ ਵਾਲੇ ਦਿਨ ਲੱਗਦੇ ਸੀ ਚੰਗੇ।
ਬੇਫਿਕਰੀ ਜਿਹੀ ਜਿੰਦ ਨਾ ਕੋਈ ਹੁੰਦੇ ਧੰਦੇ।


ਕਦੇ ਹਾਣੀਆਂ ਦੀ ਟੋਲੀ ਬਹਿ ਕਰਨ ਮਜਾਕ,
ਕਦੇ ਰੁੱਸੇ ਨੂੰ ਮਨਾਉਣਾ ਜੇ ਹੁੰਦਾ ਕੋਈ ਉਦਾਸ।
ਮੌਜ ਮਸਤੀ ਦੇ ਦਿਨ ਇੰਜ ਲੰਘੇ।
ਬਚਪਨ ...

ਕਦੇ ਖੇਡਾਂ ਖੇਡਦਿਆਂ ਹੀ ਬੀਤ ਜਾਂਦਾ ਦਿਨ,
ਕਦੇ ਮਾਂ ਬਾਪ ਦੀਆਂ ਝਿੜਕਾ ਮਿਲਦੀਆਂ ਗਿਣਗਿਣ।
ਹੱਸ-ਹੱਸ ਟਾਲ ਦਿੰਦੇ ਖਾਧੇ ਪੋਲੇ-ਪੋਲੇ ਡੰਡੇ।
ਬਚਪਨ ...

ਕਦੇ ਮਾਂ ਬਾਪ ਕਹਿੰਦੇ ਸਾਡੀ ਅੱਖੀਆਂ ਦਾ ਤਾਰਾ,
ਸਾਡੇ ਜਿਗਰ ਦਾ ਟੁਕੜਾ ਜਾਨ ਤੋਂ ਵੀ ਪਿਆਰਾ।
ਬਹੁਤ ਚੀਜ਼ਾਂ ਮਿਲਦੀਆਂ ਸੀ ਸਾਨੂੰ ਬਿਨ ਮੰਗੇ।
ਬਚਪਨ ...

ਕਾਸ਼ ! ਬਚਪਨ ਨੂੰ ਅਸ਼ੋਕ ਕੋਈ ਮੋੜ ਲਿਆਵੇ,
ਉਹ ਉਮਰ ਸੀ ਹਸੀਨ ਮੁੜ-ਮੁੜ ਚੇਤਾ ਆਵੇ।
ਕਦੇ ਪਿੱਪਲਾਂ ਦੀ ਛਾਵੇਂ ਜਾ ਕੇ ਡਾਅ ਲੈਣੇ ਮੰਜੇ।
ਬਚਪਨ ...

ਬਚਪਨ ਵਾਲੇ ਦਿਨ ਲਗਦੇ ਸੀ ਚੰਗੇ।
ਬੇਫਿਕਰੀ ਜਿਹੀ ਜਿੰਦ ਨਾ ਕੋਈ ਹੁੰਦੇ ਧੰਦੇ।





ਕਹਾਣੀ : ਈਲੂ ਰਾਣੀ

# ਨਿਮਰਤਾ ਹੀ ਸਵਰਗ ਹੈ

**ਇਕ** ਮਹਾਤਮਾ ਆਪਣੇ ਆਸ਼ਰਮ ਦੇ ਦਰਵਾਜ਼ੇ ਅਗੇ ਬੈਠ ਕੇ ਭਗਵਾਨ ਦੇ ਚਿੰਤਨ ਵਿੱਚ ਲਗੇ ਹੋਏ ਸਨ। ਤਦ ਉਹਨਾਂ ਦੇ ਸਾਹਮਣੇ ਇਕ ਯੋਧਾ ਹਾਜ਼ਿਰ ਹੋਇਆ। ਉਸਨੇ ਪਹੁੰਚਦੇ ਹੀ ਮਹਾਤਮਾ ਨੂੰ ਸਵਾਲ ਕੀਤਾ– ਮਹਾਤਮਾ ਜੀ! ਕੀ ਸਚਮੁਚ ਸਵਰਗ ਅਤੇ ਨਰਕ ਨਾਂ ਦੀ ਕੋਈ ਚੀਜ਼ ਹੈ?

ਮਹਾਤਮਾ ਬੜੇ ਧਿਆਨ ਨਾਲ ਉਸ ਯੋਧਾ ਨੂੰ ਪੈਰਾਂ ਤੋਂ ਲੈ ਕੇ ਸਿਰ ਤਕ ਵੇਖਣ ਲੱਗੇ। ਉਹ ਉਹਨੂੰ ਵੇਖ ਕੇ ਕੁਝ ਪਲਾਂ ਤਕ ਮਨ ਹੀ ਮਨ ਸੋਚਦੇ ਰਹੇ। ਫਿਰ ਉਸ ਵੱਲ ਇਕ ਨਜ਼ਰ ਮਾਰ ਕੇ ਬੋਲ ਉਠੇ – ਤੇਰਾ ਪੇਸ਼ਾ ਕੀ ਹੈ?

ਯੋਧਾ ਨੇ ਉਤਰ ਦਿੱਤਾ – ਮੈਂ ਸੈਨਿਕ ਹਾਂ, ਯੋਧਾ ਹਾਂ।

ਇਹ ਸੁਣਦੇ ਹੀ ਮਹਾਤਮਾ ਨੇ ਬੜੀ ਹੈਰਾਨੀ ਨਾਲ ਕਿਹਾ – 'ਤੂੰ ਅਤੇ ਯੋਧਾ।' ਇਹ ਕਹਿ ਕੇ ਮਹਾਤਮਾ ਨਾਲ ਹੀ ਹੱਸ ਪਏ।

ਯੋਧਾ ਦੇ ਭਰਵੱਟੇ ਟੇਡੇ ਹੋ ਗਏ। ਉਸਨੇ ਮਹਾਤਮਾ ਵੱਲ ਵੇਖਦੇ ਹੋਏ ਕਿਹਾ – ਹਾਂ ਮੈਂ ਇਕ ਯੋਧਾ ਹਾਂ। ਪਰ ਆਪ ਹੱਸੇ ਕਿਉਂ?

ਮਹਾਤਮਾ ਨੇ ਕਿਹਾ – ਮੈਂ ਇਸ ਲਈ ਹੱਸਿਆ ਕਿ ਤੂੰ ਅਤੇ ਤੇਰੀ ਸ਼ਕਲ ਤਾਂ ਬਿਲਕੁਲ ਭਿਖਾਰੀਆਂ ਵਰਗੀ ਹੈ। ਕੌਣ ਹੈ ਅਜਿਹਾ ਮੂਰਖ ਰਾਜਾ ਜਿਸ ਨੇ ਤੈਨੂੰ ਆਪਣੀ ਸੈਨਾ ਵਿੱਚ ਭਰਤੀ ਕੀਤਾ ਹੈ।

ਯੋਧੇ ਦਾ ਚਿਹਰਾ ਕ੍ਰੋਧ ਨਾਲ ਲਾਲ-ਪੀਲਾ ਹੋ ਗਿਆ। ਉਸ ਦਾ ਹੱਥ ਤਲਵਾਰ ਦੀ ਮੁੱਠ ਤੇ ਜਾ ਪਿਆ।





ਮਹਾਤਮਾ ਉਸ ਵੱਲ ਵੇਖਦੇ ਹੋਏ ਫਿਰ ਬੋਲੇ – ਅੱਛਾ, ਤੂੰ ਤਲਵਾਰ ਚਲਾਉਣਾ ਵੀ ਜਾਣਦਾ ਹੈ?

ਯੋਧਾ ਆਪੇ ਤੋਂ ਬਾਹਰ ਹੋ ਗਿਆ ਸੀ। ਉਹ ਮਿਆਨ ਵਿਚੋਂ ਝਟਕੇ ਨਾਲ ਤਲਵਾਰ ਖਿੱਚਣ ਲੱਗਾ।

ਮਹਾਤਮਾ ਨੇ ਆਪਣਾ ਕਥਨ ਜਾਰੀ ਰੱਖਿਆ – ਤੇਰੀ ਤਲਵਾਰ ਖੁੰਡੀ (ਤਿੱਖੀ ਨਹੀਂ) ਹੈ। ਇਸ ਨਾਲ ਮੇਰਾ ਸਿਰ ਨਹੀਂ ਕੱਟ ਸਕੇਗਾ।

ਯੋਧਾ ਨੇ ਅੱਗਬਬੂਲਾ ਹੋ ਕੇ ਤਲਵਾਰ ਮਿਆਨ ਵਿਚੋਂ ਖਿੱਚ ਕੇ ਆਪਣੇ ਹੱਥ ਵਿੱਚ ਲੈ ਲਈ। ਉਹ ਮਹਾਤਮਾ ਦਾ ਸਿਰ ਕਲਮ ਕਰਨ ਲਈ ਉਤਾਵਲਾ ਹੋ ਉਠਿਆ।

ਮਹਾਤਮਾ ਮੁਸਕਰਾਉਂਦੇ ਹੋਏ ਬੋਲ ਉਠੇ – ਇਹ ਵੇਖ ਤੇਰੇ ਲਈ ਨਰਕ ਦਾ ਦੁਆਰ ਖੁੱਲ੍ਹ ਗਿਆ ਹੈ।

ਯੋਧਾ ਮਹਾਤਮਾ ਦੇ ਧੀਰਜ ਨੂੰ ਵੇਖ ਕੇ ਬਹੁਤ ਹੀ ਹੈਰਾਨ ਹੋ ਗਿਆ। ਉਸ ਨੇ ਤਲਵਾਰ ਮਿਆਨ ਵਿੱਚ ਰੱਖ ਲਈ ਅਤੇ ਮਹਾਤਮਾ ਦੇ ਸਾਹਮਣੇ ਮਸਤਕ ਝੁਕਾ ਦਿੱਤਾ।

ਮਹਾਤਮਾ ਬੋਲ ਉਠੇ – ਵੇਖ ਹੁਣ ਤੇਰੇ ਲਈ ਸਵਰਗ ਦਾ ਦੁਆਰ ਖੁੱਲ੍ਹ ਗਿਆ।

– ਸੱਚਮੁਚ ਕ੍ਰੋਧ ਹੀ ਨਰਕ ਹੈ ਅਤੇ ਨਿਮਰਤਾ ਹੀ ਸਵਰਗ ਹੈ। ਸਵਰਗ ਵਰਗਾ ਆਨੰਦ ਉਹ ਹੀ ਪ੍ਰਾਪਤ ਕਰਦੇ ਹਨ ਜੋ ਕ੍ਰੋਧ ਨੂੰ ਜਿੱਤ ਕੇ ਨਿਮਰਤਾ ਅਪਨਾਉਂਦੇ ਹਨ। ਇਸ ਦੇ ਉਲਟ ਜੋ ਕ੍ਰੋਧ ਕਰਦੇ ਹਨ, ਉਹਨਾਂ ਨੂੰ ਤਾਂ ਜਿਉਂਦੇ-ਜੀਅ ਨਰਕ ਵਰਗਾ ਜੀਵਨ ਜੀਣਾ ਪੈਂਦਾ ਹੈ। ■

❑ ਮਹਿੰਦਰ ਸਿੰਘ ਸ਼ੇਖਾਵਤ

# ਉਹੀ ਰੁੱਖ

**ਰਾਮਪੁਰ** ਪਿੰਡ ਵਿਚ ਇਕ ਕਿਸਾਨ ਰਹਿੰਦਾ ਸੀ। ਕਿਸਾਨ ਹਰੀਰਾਮ ਦੇ ਖੇਤ ਵਿਚ ਫਲਾਂ ਦੇ ਰੁੱਖਾਂ ਦਾ ਇਕ ਬਗੀਚਾ ਸੀ। ਉਸ ਦੇ ਬਗੀਚੇ ਵਿਚ ਇਕ ਰੁੱਖ ਨੂੰ ਛੱਡ ਕੇ ਸਾਰੇ ਰੁੱਖ ਇਹੋ ਜਿਹੇ ਸਨ ਜਿਨ੍ਹਾਂ ਦੇ ਫਲ ਲੋਕਾਂ ਦੇ ਖਾਣ ਦੇ ਕੰਮ ਆਉਂਦੇ ਸਨ ਪਰ ਇਕ ਰੁੱਖ ਇਹੋ ਜਿਹਾ ਸੀ ਜਿਸ ਦਾ ਫਲ ਨਾ ਤੇ ਲੋਕਾਂ ਦੇ ਖਾਣ ਦੇ ਕੰਮ ਆਉਂਦਾ ਸੀ ਨਾ ਹੀ ਪਸ਼ੂਆਂ ਦੇ ਖਾਣ ਦੇ ਕੰਮ ਆਉਂਦਾ ਸੀ।

ਕਈ ਵਾਰ ਪਿੰਡ ਦੇ ਲੋਕਾਂ ਨੇ ਹਰੀਰਾਮ ਨੂੰ ਇਸ ਰੁੱਖ ਨੂੰ ਕੱਟਣ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਇਸ ਨੂੰ ਕੱਟ ਕੇ ਬਗੀਚੇ ਚੋਂ ਦੂਰ ਸੁੱਟ ਦਿਉ ਪਰ ਹਰੀਰਾਮ ਉਹਨਾਂ ਨੂੰ ਇਹੀ ਕਹਿੰਦਾ ਸੀ ਕਿ ਕੋਈ ਵੀ ਚੀਜ਼ ਬੇਕਾਰ ਨਹੀਂ ਹੁੰਦੀ। ਕਦੇ ਨਾ ਕਦੇ ਕੰਮ ਆ ਹੀ ਜਾਂਦੀ ਹੈ।

ਇਹੀ ਸੋਚ ਕੇ ਉਹ ਸਾਰੇ ਰੁੱਖਾਂ ਨਾਲ ਉਸ ਰੁੱਖ ਦੀ ਵੀ ਦੇਖਭਾਲ ਕਰਦਾ ਸੀ।

ਇਕ ਦਿਨ ਬਰਸਾਤ ਦੇ ਮੌਸਮ ਵਿਚ ਭਾਰੀ ਮੀਂਹ ਦੇ ਕਾਰਣ ਹੜ੍ਹ ਆ ਗਿਆ। ਰੁੱਖ, ਪੌਦੇ ਪਸ਼ੂ ਸਭ ਪਾਣੀ ਵਿਚ ਵਹਿਣ ਲੱਗੇ। ਹੜ੍ਹ ਦੇ ਪਾਣੀ ਵਿਚ ਵਹਿੰਦੇ ਹੋਏ ਲੋਕ ਚੀਖ ਰਹੇ ਸਨ – ਬਚਾਉ...ਬਚਾਉ !

ਤਦ ਹੀ ਹਰੀਰਾਮ ਨੂੰ ਪਾਣੀ ਵਿਚ ਭਾਰੀ ਰੁੱਖ ਦਾ ਕੁਝ ਹਿੱਸਾ ਨਜ਼ਰ ਆਇਆ। ਉਹ ਝੱਟ ਹੀ ਉਸ ਰੁੱਖ ਉਤੇ ਚੜ ਗਿਆ। ਫਿਰ ਉਹ ਚੀਖਣ ਲੱਗਾ – ਇਧਰ ਆਉ.. ! ਇਧਰ ਆਉ.. ਮੇਰੇ ਵੱਲ ਆ ਜਾਉ। ਇਸ ਰੁੱਖ ਨੂੰ ਫੜ ਲਉ।

ਕਈ ਰੁੜਦੇ ਹੋਏ ਲੋਕਾਂ ਦੇ ਹੱਥ ਫੜ ਕੇ ਵੀ ਹਹੀਰਾਮ ਨੇ ਉਹਨਾਂ ਨੂੰ ਉਸ ਰੁੱਖ ਉਤੇ ਚੜਾ ਦਿੱਤਾ। ਇਸ ਤਰ੍ਹਾਂ ਕਈ ਲੋਕਾਂ ਦੀ ਜਾਨ ਬਚ ਗਈ।

ਜਦ ਹੜ੍ਹ ਦਾ ਪਾਣੀ ਘੱਟ ਹੋਇਆ ਤਾਂ ਹਰੀਰਾਮ ਨੇ ਵੇਖਿਆ ਇਹ ਉਹੀ ਰੁੱਖ ਹੈ, ਜਿਸ ਨੂੰ ਪਿੰਡ ਦੇ ਲੋਕਾਂ ਨੇ ਕੱਟ ਕੇ ਸੁੱਟਣ ਲਈ ਕਿਹਾ ਸੀ।

ਅੱਜ ਉਸੇ ਰੁੱਖ ਨੇ ਕਈ ਲੋਕਾਂ ਦੀ ਜਾਨ ਬਚਾ ਲਈ ਸੀ। ਜਦ ਉਹਨਾਂ ਨੂੰ ਉਸ ਰੁੱਖ ਦਾ ਪਤਾ ਲੱਗਾ ਤਾਂ ਸਭ ਰੁੱਖ ਨੂੰ ਦੇਖਦੇ ਹੋਏ ਨਤਮਸਤਕ ਹੋ ਗਏ। ■



# ਦਾਦਾ ਜੀ

ਚਿਤੱਰਕਾਰੀ ਅਤੇ ਲੇਖਕ - ਅਜੈ ਕਾਲੜਾ




ਮਾਂ ! ਕਿੰਨੇ ਸੇਬ ਲਿਆਵਾਂ?
ਤਿੰਨ ਕਿਲੋ
ਆਹ ਲੈ ਪੈਸੇ ਅਤੇ ਵੇਖ, ਸੇਬ ਮਿੱਠੇ ਲਿਆਉਣਾ, ਚੱਖ ਕੇ ਵੇਖ ਲੈਣਾ।
ਹਾਂ-ਹਾਂ ਮਾਂ, ਚੱਖ ਕੇ ਹੀ ਲਿਆਵਾਂਗਾ।
ਹੁਣ ਇਹ ਫਲ ਵਾਲਾ ਕਿਥੇ ਮਿਲੇਗਾ?


ਵਾਹ, ਉਹ ਰਿਹਾ ਫਲ ਵਾਲਾ!
ਫਲ ਵਾਲੇ ! ਸੇਬ ਕਿਵੇਂ ਦਿਤੇ ਹਨ?
ਸੌ ਰੁਪਏ ਕਿੱਲੋ।
ਮੈਨੂੰ ਤਿੰਨ ਕਿੱਲੋ ਸੇਬ ਦੇ ਦਿਉ ਪਰ ਇਹ ਮਿੱਠੇ ਹੋਣੇ ਚਾਹੀਦੇ ਹਨ।
ਇਕਦਮ ਮਿੱਠੇ ਹਨ, ਮਿਸ਼ਰੀ ਵਰਗੇ।
ਮਾਂ ਨੇ ਕਿਹਾ ਹੈ, ਸੇਬ ਚੱਖ ਕੇ ਲਿਆਉਣਾ।
ਹਾਂ, ਲੈ ਚੱਖ ਕੇ ਵੇਖ।


ਮੈਂ ਹਰ ਸੇਬ ਚੱਖ ਕੇ ਲਵਾਂਗਾ, ਮਾਂ ਨੇ ਕਿਹਾ ਹੈ।
ਹਾਂ, ਠੀਕ ਹੈ।
ਇਹ ਸਾਰੇ ਸੇਬ ਖਾਧੇ ਹੋਏ ਹਨ, ਇਹ ਤੂੰ ਕਿਉਂ ਚੁੱਕ ਲਿਆਇਆ?
ਮਾਂ ਤੁਸੀਂ ਹੀ ਤਾਂ ਕਿਹਾ ਸੀ ਚੱਖ ਕੇ ਮਿੱਠੇ ਸੇਬ ਲਿਆਉਣ ਲਈ।
ਸ਼ੇਖਚਿਲੀ .... ਤਦੇ ਤਾਂ ਸਾਰੇ ਤੈਨੂੰ ਮੂਰਖ ਕਹਿੰਦੇ ਹਨ। ਥੋੜਾ ਤਾਂ ਸਮਝਦਾਰ ਬਣ!
ਹਾਂ ਮਾਂ, ਇਹ ਸਾਰੇ ਸੇਬ ਤਾਂ ਜੂਠੇ ਹੋ ਗਏ। ਮੈਂ ਸਮਝ ਗਿਆ। ਇਹਨਾਂ ਨੂੰ ਸੁੱਟ ਦੇਣਾ ਚਾਹੀਦਾ ਹੈ। ਸਾਨੂੰ ਜੂਠੇ ਸੇਬ ਨਹੀਂ ਖਾਣੇ ਚਾਹੀਦੇ। ਸਾਨੂੰ ਸਾਰੇ ਕੰਮ ਸੋਚ ਸਮਝ ਕੇ ਕਰਨੇ ਚਾਹੀਦੇ ਹਨ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ !





kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

Share your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment






# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219 |

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।


Posted at NDPSO Prescribed dates 23rd & 24th. Date of Publication: 17th & 18th (Advance Month)